ਤਿੰਨ ਭਾਸ਼ਾਈ ਸਪਤਾਹਿਕ

ਬਾਨੀ ਸ਼੍ਰੀਮਾਨ 108 ਸੰਤ ਗਰੀਬ ਦਾਸ ਜੀ
ਸਰਪ੍ਰਸਤ-ਸ਼੍ਰੀ 108 ਸੰਤ ਨਿਰੰਜਣ ਦਾਸ ਜੀ

NO/83/2000-2
PUN PUN 2001/3865
PB-0004/09 (31-12-2011)

# ਬੇਗਮਪੁਰਾ ਸ਼ਹਿਰ

मूल्य : 4 रुपए

ਸੁੰਦਰ ਨਗਰ, ਬੈਕ ਸਾਈਡ ਇੰਡਸਟ੍ਰੀਅਲ ਅਸਟੇਟ
ਜਲੰਧਰ-144 012 (ਪੰਜਾਬ)

Weekly
PUNJABI-HINDI-ENGLISH (Trilingual weekly)

**Begumpura Shaher**

SUNDER NAGAR, BACK SIDE INDUSTRIAL ESTATE
JALANDHAR-144 012. PH: 0181-2611697

त्रिभाषीय साप्ताहिक **बेगमपुरा शहर**
सुन्दर नगर, बैकसाईड इंडस्ट्रीयल एस्टेट
जालन्धर-144 012.

ਬਾਨੀ ਸੰਪਾਦਕ (ਬ੍ਰਹਮਲੀਨ) ਸੰਤ ਰਾਮਾ ਨੰਦ ਜੀ ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਸਾਲ : 11 ਅੰਕ ਨੰ. 28 ਦਿਨ ਸੋਮਵਾਰ 31 ਅਕਤੂਬਰ, 2011 ਮੁਤਾਬਕ 15 ਕੱਤਕ
Founder Editor : (Brahamleen) Sant Rama Nand Ji, Chief Editor : Sant Surinder Dass Bawa, Year :11, Issue : 28, Day Monday, 31 October 2011 Bikrami Samvat 15 Kartik

*ਸ਼ਿਲਪ ਅਵਤਾਰ*

## ਬਾਬਾ ਵਿਸ਼ਵਕਰਮਾ ਜੀ ਮਹਾਰਾਜ

ਅੱਜ ਤਕਨਾਲੋਜੀ ਦਾ ਯੁੱਗ ਹੈ। ਸੰਸਾਰ ਨੇ ਤਕਨਾਲੋਜੀ ਵਿਚ ਬਹੁਤ ਤਰੱਕੀ ਕੀਤੀ ਹੈ। ਵਿਗਿਆਨਕਾਂ ਨੇ ਚੰਦਰਮਾ ਤੱਕ ਪਹੁੰਚ ਕਰ ਲਈ ਹੈ। ਦਸਤਕਾਰੀ ਪਰਿਵਾਰ ਇਸ ਸਮੇਂ ਸੰਸਾਰ ਭਰ ਵਿਚ ਵੱਖ-ਵੱਖ ਖੇਤਰਾਂ ਵਿਚ ਇਸ ਨੂੰ ਹੋਰ ਅੱਗੇ ਲੈ ਜਾਣ ਲਈ ਰੁੱਝਿਆ ਹੋਇਆ ਹੈ। ਇਹ ਸਭ ਦੇਣ ਸ਼ਿਲਪ ਅਵਤਾਰ ਬਾਬਾ ਵਿਸ਼ਵਕਰਮਾ ਜੀ ਦੀ ਹੈ। ਆਪ ਜੀ ਨੇ ਪਿਤਾ ਅੱਠ ਵਿਵਧੂ ਪ੍ਰਭਾਸ ਅਤੇ ਮਾਤਾ ਯੋਗ ਸਿੱਧਾ ਦੇ ਗ੍ਰਹਿ ਅਵਤਾਰ, ਧਾਰਨ ਕੀਤਾ। ਤਿੰਨ ਵਾਰ ਆਕਾਸ਼ ਗੂੰਜਿਆ ਸ਼ਿਲਪ-ਅਵਤਾਰ ਸ਼ਿਲਪ-ਅਵਤਾਰ ਸ਼ਿਲਪ-ਅਵਤਾਰ। ਰਿਗ ਵੇਦ ਮੰਤਰਾਂ ਅਨੁਸਾਰ ਬਾਬਾ ਜੀ ਦੇ ਮੂੰਹ, ਬਾਂਹਾਂ ਅਤੇ ਕੰਨ ਹਰ ਪਾਸੇ ਹਨ। ਸੰਸਾਰ ਰਚਣ ਵੇਲੇ ਇਹ ਆਪਣੀਆਂ ਬਾਂਹਾ ਤੋਂ ਕੰਮ ਲੈਂਦੇ ਹਨ ਅਤੇ ਸੰਸਾਰ ਦੀ ਸਾਰੇ ਜੁੱਗਾਂ ਵਿਚ ਸਿਰਜਣਾ ਕਰਦੇ ਹਨ। ਮਹਾਂਭਾਰਤ ਅਤੇ ਪੁਰਾਣਾ ਵਿਚ ਬਾਬਾ ਜੀ ਨੂੰ ਦੇਵਤਿਆਂ ਦਾ ਚੀਫ ਇੰਜਨੀਅਰ ਮੰਨਿਆ ਗਿਆ ਹੈ। ਵਿਸ਼ਵਕਰਮਾ ਜੀ ਵਿਸ਼ਨੂੰ ਭਗਵਾਨ ਦਾ ਚੱਕਰ, ਸ਼ਿਵ ਜੀ ਦਾ ਤ੍ਰਿਸ਼ੂਲ, ਕਾਰਤਿਕੇਯਾ ਦੀ ਬਰਛੀ, ਜਗਨਨਾਥ ਦੇ ਬੁੱਤ, ਅਲੋਰਾਂ ਦੀਆਂ ਗੁਫਾਵਾਂ, ਕੁਬੇਰ ਲਈ ਸੋਨੇ ਦੀ ਲੰਕਾ ਦੀ ਸਿਰਜਣਾ ਕਰਕੇ ਕਮਾਲ ਹੀ ਕਰ ਦਿੱਤੀ ਹੈ।

ਬਾਬਾ ਜੀ ਦੇ ਨਾਨਾ ਜੀ ਰਿਸ਼ੀ ਅਗੰਗ, ਨਾਨੀ ਅਨਰੂਪਾ ਦੇਵੀ, ਚਾਚਾ ਦਪੀਚ ਜੀ, ਜਵਾਈ ਸੂਰਜ (ਰਵਿ), ਸਪੁੱਤਰੀ ਸੰਜਨਾ ਸਨ। ਬਾਬਾ ਜੀ ਦੇ ਪੰਜ ਪੁੱਤਰ ਅਤੇ ਇਕ ਪੁੱਤਰੀ ਸੀ। ਪੰਜਾਂ ਪੁੱਤਰਾਂ 'ਚ ਮਨੂੰ (ਲੁਹਾਰ), ਅਬ (ਤਰਖਾਣ), ਤਵਿਮਠਾ (ਠਠਿਆਰ). ਸ਼ਿਲਪੀ (ਰਾਜ), ਅਤੇ ਦੇਵੰਗ (ਸੁਨਿਆਰ) ਸਨ। ਪੁੱਤਰੀ ਸੰਜਨਾ ਦਾ ਵਿਆਹ ਸੂਰਜ ਨਾਲ ਹੋਇਆ ਸੀ। ਭਗਵਾਨ ਵਿਸ਼ਵਕਰਮਾ ਦੇ ਨਲ ਤੇ ਨੀਲ ਸਮੇਤ 79 ਪੋਤਰੇ ਸਨ।

ਵਿਸ਼ਵਕਰਮਾ ਉਸਾਰੀ ਕਿਰਤ ਦਾ ਪ੍ਰਤੀਕ ਹਨ। ਧਰਤੀ, ਆਕਾਸ਼, ਪਤਾਲ ਦੇਵਤਿਆਂ ਅਤੇ ਮਨੁੱਖਾਂ ਵਾਸਤੇ ਰਹਿਣ ਭਵਨ, ਗੁਫਾਵਾਂ, ਮੰਦਿਰ, ਅਸਤਰ ਸ਼ਸਤਰ ਸਭ ਬਾਬਾ ਜੀ ਦੀ ਸ਼ਿਲਪ ਕਲਾ ਦੀ ਹੀ ਦੇਣ ਹੈ। ਜਲ, ਥਲ, ਨਭ ਸਭ ਜਗ੍ਹਾ ਕਰਨੀ ਦਾ ਵਿਸਤਾਰ ਖੁਦ ਬਾਬਾ ਵਿਸ਼ਵਕਰਮਾ ਜੀ ਨੇ ਕੀਤਾ ਹੈ। ਬਾਬਾ ਜੀ ਦਾ ਕਾਰੀਗਰ ਪਰਿਵਾਰ ਕੇਵਲ ਭਾਰਤ ਹੀ ਨਹੀਂ ਸਮੁੱਚੇ ਸੰਸਾਰ ਅੰਦਰ ਵੱਖ-ਵੱਖ ਖੇਤਰਾਂ ਵਿਚ ਕਾਰੀਗਰੀ ਦਾ ਕਮਾਲ ਦਿਖਾ ਰਿਹਾ ਹੈ। ਉਹ ਬਿਨਾਂ ਕਿਸੇ ਜਾਤਪਾਤ ਦੇ, ਭਿੰਨ ਭੇਦ ਦੇ ਹਰ ਮਜ਼ਹਬ ਅਤੇ ਬਿਰਾਦਰੀ ਵਿਚ ਮਿਲਦੇ ਹਨ।

ਬਾਬਾ ਵਿਸ਼ਵਕਰਮਾ ਜੀ ਦਾ ਅਵਤਾਰ ਦਿਹਾੜਾ ਸਮੁੱਚੇ ਸੰਸਾਰ ਵਿਚ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਕਾਰੀਗਰ ਆਪਣੀ ਔਜਾਰਾਂ ਨੂੰ ਕੱਚੀ ਲੱਸੀ ਨਾਲ ਧੋ ਕੇ ਉਨ੍ਹਾਂ ਨੂੰ ਹੀ ਬਾਬਾ ਜੀ ਦਾ ਸਰੂਪ ਮੰਨ ਕੇ ਪੂਜਾ ਅਰਚਨਾ ਕਰਦੇ ਹਨ। ਇਸ ਮਹਾਨ ਸ਼ਿਲਪਕਾਰ ਦੀ ਕਿਰਪਾ ਨਾਲ ਸੰਸਾਰ ਦਾ ਦੋ ਤਿਹਾਈ ਹਿੱਸਾ ਸਿੱਧੇ ਤੌਰ 'ਤੇ ਅਤੇ ਬਾਕੀ ਸੰਸਾਰ ਅਸਿੱਧੇ ਤੌਰ 'ਤੇ ਰੁਜ਼ਗਾਰ ਪ੍ਰਾਪਤ ਕਰ ਰਿਹਾ ਹੈ।

## ਡੇਰਾ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਜਲੰਧਰ ਵਿਖੇ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਸੰਪਟ ਜਾਪ ਕਰਵਾਏ ਗਏ

ਮਿਤੀ 25-10-2011 ਨੂੰ ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਜਲੰਧਰ ਵਿਖੇ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਸੰਪਟ ਜਾਪ ਸਮੁੱਚੀ ਮਾਨਵਤਾ ਦੇ ਭਲੇ ਲਈ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ ਰੇਖ ਹੇਠ ਸ਼ਰਧਾ ਸਹਿਤ ਕਰਵਾਏ ਗਏ। ਮਿਤੀ 23-10-2011 ਦਿਨ ਐਤਵਾਰ ਨੂੰ ਅੰਮ੍ਰਿਤਬਾਣੀ ਦੇ ਸੰਪਟ ਜਾਪ ਆਰੰਭ ਕੀਤੇ ਗਏ। ਮਿਤੀ 25-10-2011 ਦਿਨ ਮੰਗਲਵਾਰ ਨੂੰ ਸੰਪਟ ਜਾਪ ਸੰਪੂਰਨ ਹੋਏ। ਜਗਤਗੁਰੂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਆਰਤੀ ਅਤੇ 'ਐਸੀ ਲਾਲ ਤੁਝ ਬਿਨੁ ਕਉਨ ਕਰੈ' ਸ਼ਬਦ ਦਾ ਗਾਇਨ ਸੰਤ ਮੋਹਣ ਦਾਸ ਜੀ ਨੂਰਪੁਰ ਵਾਲੇ, ਸੰਤ ਸੇਵਾ ਦਾਸ ਜੀ ਤੇ ਪ੍ਰਭਜੋਤ ਦਾਸ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਅਰਦਾਸ ਬੇਨਤੀ ਕੀਤੀ ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਸੰਤ ਸੇਵਾ ਦਾਸ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ 'ਕਹਿ ਰਵਿਦਾਸ ਇਕ ਬੇਨਤੀ ਹਰਿ ਸਿਉ' ਭਾਈ ਹਰਪਾਲ ਸਿੰਘ ਵਿਰਦੀ ਜੀ ਨੇ 'ਨਾਥ ਕਛੂਅ ਨਾ ਨਾਜਉ' ਤੂੰ ਕਾਹੇ ਗਰਬਹਿ ਬਾਵਲੀ, ਭਾਈ ਸਤੀਸ਼ ਜੀ ਕੈਂਟ ਵਾਲਿਆਂ ਨੇ 'ਸਗਲ ਭਵਨ ਕੇ ਨਾਇਕਾ', 'ਪੀਆ ਰਾਮ ਰਸ ਪੀਆ ਰੇ,' ਗਿਆਨੀ ਤਜਿੰਦਰ ਸਿੰਘ ਜੀ ਲੱਲੀਆਂ ਵਾਲਿਆਂ ਨੇ 'ਰਵਿਦਾਸ ਜਿਹ ਗ੍ਰੰਥ ਹੈ ਪੜ੍ਹੈ ਸੁਨੈ ਮਨ ਲਾਇ, ਗਿਆਨੀ ਨਰਿੰਦਰ ਸਿੰਘ ਹੈਰੀ ਜੀ ਨੇ 'ਮੇਰੇ ਗ੍ਰਹਿ ਆਇਆ ਰਾਜਾ ਰਾਮ ਜੀ ਕਾ ਪਿਆਰਾ' ਇਹਨਾਂ ਜਥਿਆਂ ਨੇ ਅੰਮ੍ਰਿਤਬਾਣੀ ਦੇ ਸ਼ਬਦਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ (ਦਾਸ) ਕੁਲਵੰਤ ਕਜਲਾ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਕੌਤਕ ਨੂੰ ਦਰਸਾਉਂਦੀ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਬਿਆਨ ਕੀਤੀ ਮਹਿਮਾ ਗੁਰੂ ਰਵਿਦਾਸ ਜੀ ਨੇ ਗੰਗਾ ਘਾਟ ਉਤੇ ਪੱਥਰ ਤਰਾਏ। ਸੰਗਤਾਂ ਨੂੰ ਰਚਨਾ ਸਰਵਣ ਕਰਾਕੇ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਪ੍ਰਵਚਨ ਕਰਵਾਏ ਗਏ, ਜਿਸ ਵਿਚ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੰਮ੍ਰਿਤਬਾਣੀ ਨਾਲ ਜੋੜਕੇ ਸਰਬੱਤ ਦੇ ਭਲੇ ਲਈ ਕਰਵਾਏ ਗਏ ਅੰਮ੍ਰਿਤਬਾਣੀ ਦੇ ਸੰਪਟ ਜਾਪ ਦੇ ਬਾਰੇ ਬੋਲਦਿਆਂ ਕਿਹਾ ਕਿ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ, ਸੰਤ ਸੁਰਿੰਦਰ ਦਾਸ ਬਾਵਾ ਜੀ, ਸਮੁੱਚੀ ਮਾਨਵਤਾ 'ਤੇ ਵੱਡਾ ਪਰਉਪਕਾਰ ਕਰ ਰਹੇ ਹਨ ਤੇ ਪੂਰੇ

(ਬਾਕੀ ਸਫਾ 10 'ਤੇ)



**ਬਾਬਾ ਵਿਸ਼ਵਕਰਮਾ ਜੀ ਦੇ**
ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ
**ਲੱਖ-ਲੱਖ ਵਧਾਈ ਹੋਵੇ !**

ਵਲੋਂ—
**ਸੰਤ ਨਿਰੰਜਣ ਦਾਸ** (ਮੌਜੂਦਾ ਗੱਦੀ ਨਸ਼ੀਨ)
ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ
ਅਤੇ
**ਸੰਤ ਸੁਰਿੰਦਰ ਦਾਸ ਬਾਵਾ** (ਮੁੱਖ ਸੰਪਾਦਕ)
ਸਪਤਾਹਿਕ 'ਬੇਗਮਪੁਰਾ ਸ਼ਹਿਰ' ਅਤੇ ਸਮੂੰਹ ਸਟਾਫ।

## Amrit Bani Jagatguru Ravidass Ji

# *Rag Ramkali*

*Parchae Ram ramae je koi paras parse dubidha na hoi!! Tek!!*
*Jo disae so sakal binas andithae nahi viswas!!1!!*
*Baran sahit kahae jo Ram so bhagta kewal nihkam!!2!!*
*Phal karan phoole banraie upjae phal tab puhup bilaei!!3!!*
*Gianahi karan karam karaie upjae gian tab karam nasaie!!4!!*
*Batik beej jaisa aakar pasriyo tini lok pasar!!5!!*
*Jahan ka upja tahan samaie sahaj shunay mane rahyo lukaie!!6!!*
*Jo man bindae soi bind amavas maen jaise disae chand!!7!!*
*Jal main jaese tumba tirae parchae pind jivae nahin marae!!8!!*
*So muni kaun joo man ko khai bin duare trilok samai!!9!!*
*Man ki mahima sabh koi kahae pandit so jo anbhae rahae!!10!!*
*Kahae Ravidas yahu param baerag Ram naam kin japhu subhag!!11!!*
*Ghrit karan dadhi mathae sayan jiwan mukati sada nirban!!12!!*

Shri Guru Ravidas Ji Maharaj preaches all human beings through this hymn to follow the teachings of one's Guru the transformer like a philosopher's touchstone, to achieve eternal salvation.

*Parchae Ram ramae je koi paras parse dubidha na hoi!! Tek!!*

Any living being who worships God under the guidance of his Guru, will become pious like pure gold in the sacred company of his Guru just as iron gets transformed into gold when touched by *Paras* - the philosopher's touchstone.

*Jo disae so sakal binas andithae nahi viswas!!1!!*

Everything we see in this universe is perishable. However one does not get the faith and confidence in God without seeing him.

*Baran sahit kahae jo Ram so bhagta kewal nihkam!!2!!*

Any devotee who worships God with deep devotion is free of longing for worldly pleasures.

*Phal karan phoole banraie upjae phal tab puhup bilaie!!3!!*

Just as trees bear flowers before fruit formation and the flowers wither away once the fruits are formed.

*Gianahi karan karam karaei upjae gian tab karam nasaie!!4!!*

Likewise seeker of true knowledge performs good deeds and once he achieves enlightenment he is not accountable for his deeds. He need not perform the rituals again.

*Batik beej jaisa aakar pasriyo tini lok pasar!!5!!*

As the banyan tree looks small from top but its branches are spread far and wide, same way God is manifest everywhere all over the three worlds or the entire universe.

*Jahan ka upja tahan samaie sahaj shunay mane rahyo lukaie!!6!!*

Human beings are part and progeny of God and they can attain eternal salvation and unity with God through His devoted meditation.

*Jo man bindae soi bind amavas maen jaise disae chand!!7!!*

Mind is an element of God but it can not have a glimpse of God without dedicated meditation. As the moon is always present but same is invisible on the night of amavas or no moon's day, similarly God is eternal and omnipresent but one does not visualize Him because of ignorance.

*Jal main jaese tumba tirae parchae pind jivae nahin marae!!8!!*

Just as the gourd always floats on water, similarly any one who follows the preaching of his Guru and worships God manifest within his body becomes immortal and never dies.

*So muni kaun joo man ko khai bin duare trilok samai!!9!!*

The true sage is one who overcomes vacillation of his mind and moves beyond the ten bodily apertures to be one with the God manifest all over the three worlds or the entire universe.

*Man ki mahima sabh koi kahae pandit so jo anbhae rahae!!10!!*

All living beings act in accordance with the wishes of their minds. However, those who become one with the God have no fear.

*Kahae Ravidas yahu param baerag Ram naam kin japhu subhag!!11!!*

Satguru Ravidas Ji articulates that "O Lucky Man! You should behold supreme devotion to God within your mind and remain always engrossed in meditation."

*Ghrit karan dadhi mathae sayan jiwan mukati sada nirban!!12!!*

Just as a wise lady churns curd for separation of fat and she stops churning when she can take out the butter. Same way one

***Written by :* Sant Surinder Dass Bawa ji *Translated by :* Piare Lal Sorya**

## Guru Ravidass Ji coined Gurmukhi Alphabet

The community in which Guru Ji was born was in the shackles of discrimination, untouchability, poverty and ignorance. He cherished to change the entire scenario of the community. He wanted first to take up educational aspect. He preached –

Madho abidiaa hit keen
Bibek deep maleen

The untouchables were strictly prohibited from reading Devnagri script. Even a glance of the devnagri letters by them could mean damage of eyes and as such blindness. It was all horrible. To save the ignorant people Guru Ji invented his own Gurmukhi alphabet consisting of 34 letters.

Nana Khiaan puraan bed bidh(i)
Chautees akhar manhi

Education was spread by Guru Ji. The people of his community started learning.

Giani Gurcharan Singh has written a book 'Gurmukhi Akhar Bhagat Ravidass ne banaai'. The author says that originally there are only 34 letters of the alphabet. With a view to make education difficult the selfish people have increased the letters to 52. It proves that 34 letters of Gurmukhi alphabet have been coined by Guru Ravidass Ji. He has also mentioned in the book that untouchables were not allowed access to Devnagri script. He felt necessity of Gurmukhi script so that the untouchables could be educated.

Before partition of India and Pakistan, a Lahore court had adjudicated that the gurmukhi alphabet was coined by Guru Ravidass Ji. He was not only religious leader but a literary lumi

# ਹਾਜੀਪੁਰ ਵਿਖੇ ਪੰਜਵਾਂ ਮਹਾਨ ਸੰਤ ਸੰਮੇਲਨ

ਮਿਤੀ 22-10-2011 (ਕੁਲਵੰਤ ਕਲਜਾ) ਦਿਨ ਸ਼ਨੀਵਾਰ ਨੂੰ ਸ਼੍ਰੋਮਣੀ ਸਤਿਗੁਰੂ ਸ਼੍ਰੀ ਗੁਰੂ ਰਵਿਦਾਸ ਸੇਵਕ ਸਭਾ ਹਾਜੀਪੁਰ (ਹੁਸ਼ਿਆਰਪੁਰ) ਅਤੇ ਇਲਾਕੇ ਦੀਆਂ ਸਮੂਹ ਸ਼੍ਰੀ ਗੁਰੂ ਰਵਿਦਾਸ ਸੇਵਕ ਸਭਾਵਾਂ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਅਤੇ ਸਮੁੱਚੀ ਮਾਨਵਤਾ ਦੇ ਭਲੇ ਲਈ ਪੰਜਵਾਂ ਮਹਾਨ ਸੰਤ ਸੰਮੇਲਨ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ ਰੇਖ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ, ਜਿਸਦੇ ਸੰਬੰਧ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕਰਵਾਏ ਗਏ । ਆਰਤੀ ਅਤੇ 'ਐਸੀ ਲਾਲ ਤੁਝ ਬਿਨੁ ਕਉਨ ਕਰੈ' ਸ਼ਬਦ ਦਾ ਗਾਇਨ ਗਿਆਨੀ ਨਰਿੰਦਰ ਸਿੰਘ ਹੈਰੀ ਜੀ, ਗਿਆਨੀ ਸਾਧੂ ਸਿੰਘ ਜੀ, ਗਿਆਨੀ ਜਸਪਾਲ ਸਿੰਘ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਸਤਿਗੁਰੂ ਜੀ ਅੱਗੇ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਸ਼੍ਰੀ ਦਿਲਜਾਨ ਮਿਊਜ਼ੀਕਲ ਗਰੁੱਪ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿਚ, ਪੁੰਨਿਆਂ ਦਾ ਚੰਨ ਚੜ੍ਹਿਆ, ਹਰਿ ਹਰਿ ਬੋਲ ਬੰਦਿਆ, ਕੁਰਬਾਨੀਆਂ, ਰਚਨਾਵਾਂ ਸੰਗਤਾਂ ਨੂੰ ਸਰਵਣ ਕਰਾ ਕੇ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸਤਿਗੁਰਾਂ ਵਲੋਂ ਕੀਤੇ ਪਰਉਪਕਾਰਾਂ ਬਾਰੇ ਵਿਸ਼ੇਸ਼ ਚਾਨਣਾ ਪਾਇਆ ਤੇ ਰਹਿਬਰਾਂ ਦੀ ਸੋਚ ਤੇ ਪਹਿਰਾ ਦੇਣ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੰਮ੍ਰਿਤਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਸੰਦੇਸ਼ ਦਿੱਤਾ ਅਤੇ ਰਵਿਦਾਸੀਆ ਧਰਮ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ। ਇਸ ਤੋਂ ਉਪਰੰਤ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸਭ ਤੋਂ ਪਹਿਲਾਂ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ ਕਿ ਉਹਨਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਪੰਜਵਾਂ ਮਹਾਨ ਸੰਤ ਸੰਮੇਲਨ ਕਰਵਾਇਆ। ਉਨ੍ਹਾਂ ਕਿਹਾ ਕਿ ਜਿਹੜੇ ਪੈਰੋਕਾਰ ਆਪਣੇ ਰਹਿਬਰਾਂ ਦੀ ਸੋਚ 'ਤੇ ਪਹਿਰਾ ਦਿੰਦੇ ਨੇ ਉਹ ਹਮੇਸ਼ਾਂ ਹੀ ਮੰਜ਼ਲਾਂ ਨੂੰ ਪਾ ਲੈਂਦੇ। ਉਨ੍ਹਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਹਮੇਸ਼ਾਂ ਜੀਵਨ ਵਿਚ ਸੰਘਰਸ਼ ਕਰਕੇ 'ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ, ਛੋਟ ਬੜੈ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।' ਅਜਿਹੇ ਰਾਜ ਦੀ ਮੰਗ ਕੀਤੀ ਜਿਸ ਵਿਚ ਹਰ ਇਨਸਾਨ ਨੂੰ ਰੋਟੀ, ਕੱਪੜਾ ਅਤੇ ਮਕਾਨ ਮਿਲੇ ਤੇ ਸਾਰੇ ਹੀ ਇਨਸਾਨ ਇਕ ਸਮਾਨ ਬਰਾਬਰ ਹੋਣੇ ਚਾਹੀਦੇ ਨੇ। ਸਤਿਗੁਰੂ ਜੀ ਨੇ ਅਜਿਹੇ ਬੇਗਮਪੁਰੇ ਵਤਨ ਬਨਾਉਣ ਦਾ ਸੰਕਲਪ ਲਿਆ। ਉਨ੍ਹਾਂ ਨੇ ਕਿਹਾ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰੇ ਵਤਨ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ ਹੈ। ਉਨ੍ਹਾਂ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਬਾਰੇ ਕਿਹਾ ਕਿ ਸਦੀਆਂ ਤੋਂ ਬਾਅਦ ਸਤਿਗੁਰੂ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਪੂਰੇ ਵਿਸ਼ਵ ਵਿਚ ਫੈਲਾਇਆ ਹੈ। ਉਨ੍ਹਾਂ ਕਿਹਾ ਸਾਡੇ ਸਮਾਜ ਦੇ ਲੋਕਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਹਨ, ਪਰ ਉਹ ਕੁਰਬਾਨੀਆਂ ਦੂਸਰਿਆਂ ਲੋਕਾਂ ਲਈ ਦਿੱਤੀਆਂ ਗਈਆਂ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਿਸੇ ਨੇ ਵੀ ਯਾਦ ਨਹੀਂ ਕੀਤਾ। ਪਰ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਲਈ ਸ਼ਹਾਦਤ ਦਾ ਜਾਮ ਪੀਤਾ ਤੇ ਉਨ੍ਹਾਂ ਦੇ ਨਾਲ ਸ਼ਹੀਦ ਬਲਕਾਰ ਸਿੰਘ ਜੀ, ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਵਿਜੈ ਕੁਮਾਰ ਜੀ ਨੇ ਮਿਸ਼ਨ ਲਈ ਕੁਰਬਾਨੀਆਂ ਦਿੱਤੀ। ਅੱਜ ਪੂਰਾ ਸਮਾਜ ਇਹਨਾਂ ਦੀ ਕੁਰਬਾਨੀ ਨੂੰ ਵਿਸ਼ਵ ਪੱਧਰ 'ਤੇ ਯਾਦ ਕਰ ਰਿਹਾ ਹੈ। ਉਨ੍ਹਾਂ ਦੀ ਸ਼ਹਾਦਤ ਨੇ ਰਵਿਦਾਸੀਆ ਧਰਮ ਦੀ ਨੀਂਹ ਰੱਖੀ ਹੈ। ਅੱਜ ਸਾਡਾ ਆਪਣਾ ਧਰਮ ਹੈ, ਅੰਮ੍ਰਿਤਬਾਣੀ ਦਾ ਸਾਡਾ ਆਪਣਾ ਗ੍ਰੰਥ ਹੈ, ਅੱਜ 2500 ਤੋਂ ਵੱਧ ਅੰਮ੍ਰਿਤਬਾਣੀ ਦੇ ਗ੍ਰੰਥਾਂ ਦਾ ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨਾਂ ਦੇ ਵਿਚ ਪ੍ਰਕਾਸ਼ ਹੋ ਚੁੱਕਾ ਹੈ। ਸਮੁੱਚੀ ਰਵਿਦਾਸੀਆ ਕੌਮ ਅੰਦਰ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਚਾਹੀਦਾ ਹੈ ਤੇ ਬਾਕੀ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਰੇ ਹੀ ਧਰਮ ਪ੍ਰਭੂ ਭਗਤੀ ਦਾ ਅਤੇ ਸੱਚ ਦਾ ਰਾਹ ਦਰਸਾਉਂਦੇ ਹਨ। ਉਪਰੰਤ (ਦਾਸ) ਕੁਲਵੰਤ ਕਜਲਾ ਨੇ ਜਾਗਣ ਦਾ ਵੇਲਾ ਹੁਣ ਸਾਡਾ ਕੌਮੇ ਮੇਰੀਏ ਹਰਿ ਦੇ ਨਿਸ਼ਾਨ ਥੱਲੇ ਆਜਾ ਮੇਰੀਏ, ਰਚਨਾਵਾਂ ਸਰਵਣ ਕਰਾ ਕੇ ਸੰਗਤਾਂ ਅੰਦਰ ਜੋਸ਼ ਭਰਿਆ।





ਇਸ ਸਮਾਗਮ ਵਿਚ ਸੰਤ ਰਾਮ ਰਤਨ ਜੀ ਧਮੇਟਾ ਵਾਲਿਆਂ ਨੇ ਆਪਣੀ ਹਾਜ਼ਰੀ ਭਰੀ। ਉਪਰੰਤ ਸ਼੍ਰੀ ਯੁੱਧਵੀਰ ਸਿੰਘ ਜੀ ਨੇ ਆਪਣੇ ਕ੍ਰਾਂਤੀਕਾਰੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਜੋ ਮਾਇਆ ਸੰਗਤਾਂ ਨੇ ਨਮਸਕਾਰ ਕੀਤੀ ਸੀ, ਮਹਾਰਾਜ ਜੀ ਨੇ ਸਾਰੀ ਮਾਇਆ ਪ੍ਰਬੰਧਕ ਕਮੇਟੀ ਨੂੰ ਆਸ਼ੀਰਵਾਦ ਵਜੋਂ ਭੇਂਟ ਕਰ ਦਿੱਤੀ। ਪ੍ਰਬੰਧਕਾਂ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਅਤੇ ਸਮਾਗਮ ਨੂੰ ਸਫਲ ਬਨਾਉਣ ਵਾਲੀਆਂ ਸੰਗਤਾਂ ਦਾ ਮਾਨ-ਸਨਮਾਨ ਕੀਤਾ। ਇਸ ਸਮਾਰੋਹ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ। ਸਟੇਜ ਸਕੱਤਰ ਦੀ ਸੇਵਾ ਮਾਸਟਰ ਰਾਮ ਸਿੰਘ ਜੀ ਨੇ ਨਿਭਾਈ।

## ਦੁਖੀਆਂ ਦਾ ਦਰਦ ਵੰਡਾਉਣ ਲਈ...

ਦੁਖੀਆਂ ਦਾ ਦਰਦ ਵੰਡਾਉਣ ਲਈ
ਪਾਣੀ ਤੇ ਪਥਰ ਤਰਾਉਣ ਲਈ
ਕਾਸ਼ੀ ਦੇ ਵਿੱਚ ਨੂਰੀ ਜੋਤ ਸੰਗਤੇ ਆਈ ਏ
**ਅੱਜ ਗੁਰਾਂ ਦੇ ਜਨਮ ਦਿਨ ਦੀ ਸੰਗਤੇ ਵਧਾਈ ਏ।**
ਅੰਮ੍ਰਿਤਬਾਣੀ ਗੁਰਾਂ ਦੀ ਘਰ ਘਰ ਪਹੁੰਚਾਉਣੀ ਏ
ਸੰਗਤੇ ਸੰਤ ਰਾਮਾਨੰਦ ਦੀ ਰੀਝ ਪੂਰੀ ਹੋਣੀ ਏ
ਬੱਲਾਂ ਵਾਲੇ ਸੰਤਾਂ ਦੀ ਕਰਨੀ ਵਡਿਆਈ ਏ
ਅੱਜ ਗੁਰਾਂ ਦੇ ਜਨਮ ਦਿਨ ਦੀ ਸੰਗਤੇ ਵਧਾਈ ਏ।
ਬਾਵਾ ਜੀ ਦਾ ਹੈ ਉਪਰਾਲਾ ਸੰਗਤਾਂ ਨੂੰ ਜੋੜਿਆ ਏ
ਰਵਿਦਾਸੀਆ ਕੌਮ ਨੂੰ ਅੱਜ ਗੁਰਾਂ ਨੇ ਅੱਗੇ ਤੋਰਿਆ ਏ
ਕਾਸ਼ੀ ਦੇ ਵਿੱਚ ਗੁਰਾਂ ਦੀ ਸੋਹਣੀ ਯਾਦ ਉਸਾਰੀ ਏ
ਅੱਜ ਗੁਰਾਂ ਦੇ ਜਨਮ ਦਿਨ ਦੀ ਸੰਗਤੇ ਵਧਾਈ ਏ।
ਬੇਗਮਪੁਰੇ ਦਾ ਵਾਸੀ ਠੰਢੀਆਂ ਛਾਵਾਂ ਕਰਦਾ ਏ
ਸ਼ਰਧਾ ਦੇ ਨਾਲ ਮੰਗੋ ਸੰਗਤੇ ਝੋਲੀਆ ਭਰਦਾ ਏ
ਨਰੇਸ਼ ਸ਼ੇਰਪੁਰੀ ਸੰਤਾਂ ਦੀ ਧੰਨ ਕਮਾਈ ਏ
ਅੱਜ ਗੁਰਾਂ ਦੇ ਜਨਮ ਦਿਨ ਦੀ ਸੰਗਤੇ ਵਧਾਈ ਏ।

**-ਮਾਸਟਰ ਨਰੇਸ਼ ਕੁਮਾਰ ਸ਼ੇਰਪੁਰੀਆਂ(ਹੁਸ਼ਿਆਰਪੁਰ)**

ਡੇਰਾ ਸੱਚਖੰਡ ਬੱਲਾਂ ਦਾ e-mail ਐਡਰੈੱਸ
**sachkhandballan@yahoo.co.in**

**ਸੂਚਨਾ-'ਬੇਗਮਪੁਰਾ ਸ਼ਹਿਰ ਪੱਤ੍ਰਿਕਾ' ਦੀ ਆਨ ਲਾਈਨ ਸੇਵਾ (Internet Service) ਦੇਖੋ** www.begumpurashaher.net.

**ਸੂਚਨਾ-'ਬੇਗਮਪੁਰਾ ਸ਼ਹਿਰ ਪੱਤ੍ਰਿਕਾ' ਦਾ E-mail ਐਡਰੈੱਸ**
begumpurashaher@yahoo.com

ਸੂਚਨਾ-ਲੇਖਕਾਂ ਦੀਆਂ ਰਚਨਾਵਾਂ ਨਾਲ ਮੁੱਖ ਸੰਪਾਦਕ ਤੇ ਸੰਪਾਦਕੀ ਮੰਡਲ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਵਿਸ਼ਵ-ਸ਼ਾਂਤੀ ਦੀ ਵਿਚਾਰਧਾਰਾ ਦੇ ਸਿਰਜਕ ਜਗਤਗੁਰੂ ਰਵਿਦਾਸ ਜੀ ਮਹਾਰਾਜ

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਆਗਮਨ ਤੋਂ ਪਹਿਲਾਂ ਭਾਰਤ ਦੇ ਲੋਕ ਅਨੇਕਾਂ ਪ੍ਰਕਾਰ ਦੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਜਾਤ-ਪਾਤਾਂ, ਊਚ-ਨੀਚ ਅਤੇ ਕਰਮ-ਕਾਂਡਾਂ ਵਿਚ ਫਸੇ ਹੋਏ ਸਨ। ਧਾਰਮਿਕ ਅਡੰਬਰ ਤਾਂ ਬਹੁਤ ਹੁੰਦੇ ਸਨ ਪਰ ਇਸ ਖਲਕਤ ਨੂੰ ਪੈਦਾ ਕਰਨ ਵਾਲੇ ਪਾਰਬ੍ਰਹਮ ਪ੍ਰਮਾਤਮਾ ਦੀ ਪੂਜਾ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸੰਸਾਰ 'ਤੇ ਆ ਕੇ ਇਸ ਅੰਧ-ਵਿਸ਼ਵਾਸੀ ਅਤੇ ਤਰਕਹੀਣ ਪੂਜਾ ਦੀ ਜਗ੍ਹਾ ਕੇਵਲ ਇਕ ਪ੍ਰਮਾਤਮਾ ਦੇ ਸੰਕਲਪ ਵਾਲੀ ਵਿਸ਼ਵ-ਵਿਆਪੀ, ਵਿਸ਼ਵ-ਸ਼ਾਂਤੀ ਤੇ ਸਾਂਝੀਵਾਲੀਤਾ ਦੀ ਨਵੀਂ-ਨਰੋਈ ਧਾਰਮਿਕ ਵਿਚਾਰਧਾਰਾ ਪ੍ਰਦਾਨ ਕੀਤੀ। ਸ਼੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਬਾਬਤ ਸੰਤ ਕਰਮ ਦਾਸ ਜੀ ਦਾ ਦੋਹਾ ਬੜਾ ਪ੍ਰਸਿੱਧ ਹੈ—

ਚੌਦਹਾਂ ਸੌ ਤੇਤੀਸ ਕੀ, ਮਾਘ ਸੁਦੀ ਪੰਦਰਾਸ॥
ਦੁਖੀਓਂ ਕੇ ਕਲਿਆਨ ਹਿਤ, ਪ੍ਰਗਟੇ ਸ਼੍ਰੀ ਰਵਿਦਾਸ॥

ਸਤਿਗੁਰੂ ਰਵਿਦਾਸ ਜੀ ਦਾ ਜਨਮ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕਰਮੀ ਨੂੰ ਬਨਾਰਸ ਦੀ ਮਹਾਨ ਧਰਤੀ ਸੀਰ ਗੋਵਰਧਨਪੁਰ ਸਾਹਿਬ ਵਿਖੇ ਪਿਤਾ ਸ਼੍ਰੀ ਸੰਤੋਖ ਦਾਸ ਜੀ ਦੇ ਘਰ ਮਾਤਾ ਕਲਸਾਂ ਦੇਵੀ ਜੀ ਦੀ ਪਵਿੱਤਰ ਕੁੱਖੋਂ ਹੋਇਆ। ਗੁਰੂ ਰਵਿਦਾਸ ਜੀ ਦੀ ਸ਼ਾਦੀ ਮਾਤਾ ਲੋਨਾ ਜੀ ਨਾਲ ਹੋਈ, ਜਿਨ੍ਹਾਂ ਦੀ ਕੁੱਖੋਂ ਇਕ ਪੁੱਤਰ ਸ਼੍ਰੀ ਵਿਜੈ ਦਾਸ ਜੀ ਨੇ ਜਨਮ ਲਿਆ।

ਸਤਿਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ, ਜਿਸ ਵਿਚ ਨਿਰੰਕਾਰ ਦੀ ਮਹਿਮਾ ਹੈ ਉਸ ਤੋਂ ਨਾ ਵਿਛੜਣ ਦੀ ਤਮੰਨਾ ਹੈ। 'ਚਰਣ ਨ ਛਾਡਉ ਸਰੀਰ ਕਲਿ ਜਾਈ" ਦੀ ਅਵਸਥਾ ਹੈ। 'ਊਹਾਂ ਖੈਰਿ ਸਦਾ ਮੇਰੇ ਭਾਈ' ਵਾਲੀ ਸਥਿਤੀ ਹੈ ਜਿਸ ਨੂੰ ਪੜ੍ਹ ਕੇ ਮਨੁੱਖਤਾ ਨੂੰ ਸਹੀ ਜੀਵਨ ਜਾਂਚ ਆਉਂਦੀ ਹੈ ਤੇ ਪਾਰਬ੍ਰਹਮ ਪ੍ਰਮਾਤਮਾ ਦੇ ਸੰਕਲਪ ਲਈ ਸੱਚ ਦੇ ਮਾਰਗ ਦਾ ਗਿਆਨ ਹੁੰਦਾ ਹੈ। ਇਹ ਅੰਮ੍ਰਿਤਬਾਣੀ ਸਾਨੂੰ ਕਰਮ ਕਾਡਾਂ, ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ ਇਕ ਸੁਚੱਜਾ ਜੀਵਨ ਜਿਊਣ ਦੀ ਸੇਧ ਬਖਸ਼ਿਸ਼ ਕਰਦੀ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਕੇਵਲ ਪਾਰਬ੍ਰਹਮ ਪ੍ਰਮਾਤਮਾ ਦਾ ਸਿਮਰਨ ਕਰਦੇ ਸਨ ਅਤੇ ਸਾਨੂੰ ਵੀ ਉਸ ਨਾਲ ਹੀ ਜੁੜਨ ਦਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਦੇ ਸੰਘਰਸ਼ ਅਤੇ ਫਲਸਫੇ ਦਾ ਨਿਚੋੜ ਦਿੰਦੇ ਹੋਏ ਇਕ ਅਟੱਲ ਸਿਧਾਂਤ ਪੇਸ਼ ਕਰਦੇ ਕਿਹਾ ਹੈ ਕਿ ਹੇ ਮਨੁੱਖ ਜੇਕਰ ਤੂੰ ਆਪਣੇ ਜੀਵਨ ਨੂੰ ਸਫਲ ਕਰਨਾ, ਪ੍ਰਭ ਨੂੰ ਪਾ ਕੇ ਮੁਕਤ ਹੋਣਾ ਹੈ ਤਾਂ ਕਰਮ ਕਾਂਡਾਂ ਨੂੰ ਤਿਆਗ ਕੇ ਕੇਵਲ ਪ੍ਰਮਾਤਮਾ ਨਾਲ ਜੁੜ-ਸਤਿਗੁਰੂ ਰਵਿਦਾਸ ਜੀ ਦਾ ਅਟੱਲ ਫੁਰਮਾਨ ਹੈ—

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।

ਸਤਿਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਜਿਹੜਾ ਵੀ ਮਨੁੱਖ ਆਪਣੇ ਅਸਲ ਪਰਮ ਪਿਤਾ ਪ੍ਰਮਾਤਮਾ ਦੇ ਸਿਮਰਨ ਅਤੇ ਉਸਦੀ ਵਿਚਾਰਧਾਰਾ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਸੇਵਾ ਵਿਚ ਲੱਗਕੇ ਮੁਕਤ ਹੋਣ ਦੀ ਆਸ ਲਾਈ ਬੈਠਾ ਹੈ, ਉਹ ਜੀਵ ਨਰਕਾਂ ਨੂੰ ਜਾਵੇਗਾ, ਭਾਵ ਮੁਕਤ ਨਹੀਂ ਹੋਵੇਗਾ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਬੜੀ ਉੱਚੀ-ਸੁੱਚੀ ਵਿਚਾਰਧਾਰਾ ਹੈ, ਜਿੱਥੇ ਇਹ ਮਨੁੱਖਤਾ ਨੂੰ ਅਧਿਆਤਮਿਕਤਾ ਨਾਲ ਜੋੜਦੀ ਹੈ, ਉਥੇ ਇਹ ਵਿਸ਼ਵ ਨੂੰ ਸਾਂਝੀਵਾਲਤਾ ਦਾ ਵੱਡਮੁੱਲਾ ਉਪਦੇਸ਼ ਸਿਧਾਂਤਾਂ ਤਹਿਤ ਪ੍ਰਦਾਨ ਕਰਦੀ ਹੈ। ਗੁਰੂ ਸਾਹਿਬ ਜੀ ਬਾਣੀ ਵਿਚ ਕੁਦਰਤੀ ਨਿਯਮਾਂ ਅਨੁਸਾਰ ਵਿਸ਼ਵ ਦੇ ਹਰ ਮਨੁੱਖ ਲਈ ਚਿੰਤਾ ਰਹਿਤ ਆਜ਼ਾਦੀ ਦਾ ਸੰਕਲਪ ਪੇਸ਼ ਕਰਦੇ ਹਨ—

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥

ਸ੍ਰੀ ਗੁਰੂ ਰਵਿਦਾਸ ਜੀ ਦਾ ਇਹ ਵਿਸ਼ਵ ਵਿਆਪੀ, ਵਿਸ਼ਵ ਸਾਂਝੀਵਾਲਤਾ ਦਾ ਸੰਕਲਪ ਹੈ ਕਿ ਸਾਰਾ ਸੰਸਾਰ ਬੇਗਮਪੁਰੇ ਦੇ ਸ਼ਹਿਰ ਵਾਂਗ ਹੋਵੇ, ਜਿੱਥੇ ਕਿਸੇ ਨੂੰ ਕੋਈ ਦੁੱਖ, ਤਕਲੀਫ ਨਾ ਹੋਵੇ, ਜਿੱਥੇ ਕਿਸੇ ਨੂੰ ਕੋਈ ਕਰ ਦੇਣ ਦੀ ਚਿੰਤਾ ਨਾ ਹੋਵੇ। ਕੋਈ ਰਾਜਾ ਕਿਸੇ ਤੋਂ ਅਧੀਨਗੀ ਕਰ ਵਸੂਲ ਨਾ ਕਰੇ, ਇਸ ਵਤਨ ਦਾ ਸ਼ਹਿਰ ਨਿਰਭਉ ਤੇ ਨਿਰਵੈਰ ਹੈ। ਹੇ ਭਾਈ! ਮੈਂ ਤਾਂ ਅਜਿਹੇ ਸ਼ਹਿਰ ਦਾ ਵਸਨੀਕ ਹਾਂ ਜਿਥੇ ਪਰਮ ਆਨੰਦ ਦੀ ਪ੍ਰਾਪਤੀ ਹੋ ਰਹੀ ਹੈ। ਇਸ ਸ਼ਹਿਰ ਵਿਚ ਦੂਜੇ-ਤੀਜੇ ਦਰਜੇ ਦੇ ਲੋਕ ਨਹੀਂ ਹਨ। ਸਭ ਬਰਾਬਰ ਹਨ, ਇਥੇ ਸਭ ਨੂੰ ਘੁੰਮਣ-ਫਿਰਨ ਦੀ ਆਜ਼ਾਦੀ ਹੈ, ਕਿਸੇ ਨੂੰ ਕੋਈ ਰੋਕ-ਟੋਕ ਨਹੀਂ ਹੈ, ਨਾ ਹੀ ਕਿਸੇ ਨੂੰ ਆਪਣੇ ਹੱਕਾਂ ਨੂੰ ਖੋਹੇ ਜਾਣ ਦਾ ਡਰ ਹੈ। ਸਤਿਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਵੀ ਇਸ ਵਿਸ਼ਵ ਵਤਨ ਦਾ ਸ਼ਹਿਰੀ ਹੈ, ਉਹ ਸਾਡਾ ਮਿੱਤਰ ਹੈ, ਭਾਵ ਸਮੁੱਚੇ ਵਿਸ਼ਵ ਦੇ ਭਾਈਚਾਰੇ ਮਿੱਤਰਤਾ ਦਾ ਅਧਾਰ ਆਪਸੀ ਪਿਆਰ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸਮੁੱਚੇ ਵਿਸ਼ਵ ਨੂੰ ਭਾਈਚਾਰਕ ਸਾਂਝ ਦੇ ਨਾਲ-2 ਆਪਣੇ ਜੀਵਨ ਨੂੰ ਸੰਵਾਰਨ ਦਾ ਉਪਦੇਸ਼ ਵੀ ਕਰਦੀ ਹੈ। ਸਮੁੱਚੇ ਵਿਸ਼ਵ ਵਿਚ ਇਨਸਾਨੀਅਤ ਦੇ ਵੈਰੀ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਅਤੇ ਨਿੰਦਿਆਂ ਚੁਗਲੀ ਤੋਂ ਨਿਰਲੇਪ ਹੋਣ ਦਾ ਉਪਦੇਸ਼ ਦਿੰਦੀ ਹੈ। ਇਨ੍ਹਾਂ ਵਿਕਾਰਾਂ ਦੇ ਨਾਲ-2 ਮਨੁੱਖ ਨਸ਼ਿਆਂ ਦੀ ਜਕੜ ਵਿਚ ਫਸਕੇ ਆਪਣੇ ਜੀਵਨ ਨੂੰ ਬਰਬਾਦ ਕਰ ਰਿਹਾ ਹੈ। ਨਸ਼ਿਆਂ ਕਾਰਨ ਅਨੇਕਾਂ ਸਮੱਸਿਆਵਾਂ ਦਾ ਜਨਮ ਹੁੰਦਾ ਹੈ। ਇਸ ਕਰਕੇ ਸਤਿਗੁਰੂ ਰਵਿਦਾਸ ਜੀ ਨੇ ਮਨੁੱਖ ਨੂੰ ਨਸ਼ਿਆਂ ਦੇ ਸੇਵਨ ਤੋਂ ਵਰਜਦਿਆਂ ਉਪਦੇਸ਼ ਦਿੱਤਾ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀਂ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ,
ਸੁਰਸਰੀ ਮਿਲਤ ਨਹੀ ਹੋਇ ਆਨੰ॥

—ਮਹਿੰਦਰ 'ਸੰਧੂ' ਮਹੇੜੂ, 98726-96840

## ਰਵਿਦਾਸੀਆ ਧਰਮ ਨੂੰ ਸਮਰਪਿਤ ਜਮੀਰ ਜਾਗ੍ਰਿਤ ਸਮਾਗਮ ਆਯੋਜਿਤ

ਡਾ. ਅੰਬੇਡਕਰ ਸਪੋਰਟਸ ਕਲੱਬ ਮੰਨਣ ਅਤੇ ਦਲਿਤ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਦੇ ਅਸ਼ੀਰਵਾਦ ਸਦਕਾ ਨਜ਼ਦੀਕੀ ਪਿੰਡ ਮੰਨਣ ਵਿਚ ਨਗਰ ਦੇ ਸਪੋਰਟਸ ਕਲੱਬ ਵਲੋਂ ਰਵਿਦਾਸੀਆ ਭਾਈਚਾਰੇ ਦੇ ਪ੍ਰਚਾਰ ਦੇ ਲਈ ਜਮੀਰ ਜਾਗ੍ਰਿਤੀ ਸਮਾਗਮ ਵਿਚ ਜਿੱਥੇ ਲਾਂਧੜਾ ਪ੍ਰਗਤੀ ਮੰਚ ਦੇ ਕਲਾਕਾਰਾਂ ਨੇ ਸਤਿਗੁਰ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਨਾਟਕ 'ਐਸਾ ਚਾਹੂੰ ਰਾਜ ਮੈਂ' ਦਿਖਾਇਆ ਉਸ ਦੇ ਨਾਲ ਹੀ ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਉਤੇ ਅਧਾਰਿਤ ਕੋਰੀਓਗ੍ਰਾਫੀ 'ਓਪੇਰਾ' ਵੀ ਕਾਬਲੇ ਤਾਰੀਫ ਸੀ। ਇਨ੍ਹਾਂ ਤੋਂ ਇਲਾਵਾ ਸਮਾਗਮ ਵਿਚ ਪਹੁੰਚੇ ਕਲਾਕਾਰ ਬੰਗੜ ਬ੍ਰਦਰਜ਼, ਪਰਮਜੀਤ ਪਾਰਸ, ਮਿਸ ਮਿਨਾਜ ਨੇ ਵੀ ਆਪਣੇ ਅੰਦਾਜ਼ ਵਿਚ ਸਤਿਗੁਰੂ ਰਵਿਦਾਸ ਜੀ ਦਾ ਗੁਣਗਾਣ ਕੀਤਾ। ਡਾ. ਅੰਬੇਡਕਰ ਸਪੋਰਟਸ ਕਲੱਬ ਮੰਨਣ, ਜਸਵੀਰ ਸੋਨੂੰ, ਹਰਮੇਸ਼, ਬੱਲੀ, ਪਰਮਜੀਤ, ਕੁਲਦੀਪ, ਗੁਲਸ਼ਨ, ਬੂਟਾ ਰਾਮ, ਚਮਨ ਲਾਲ, ਉਂਕਾਰ ਸਿੰਘ ਨੇ ਇਸ ਸੁਚੱਜੇ ਢੰਗ ਨਾਲ ਸਮਾਗਮ ਦਾ ਆਯੋਜਨ ਕੀਤਾ ਕਿ ਦੇਖਣ ਵਾਲਾ ਤਾਰੀਫ ਕੀਤੇ ਬਗੈਰ ਨਹੀਂ ਰਿਹਾ, ਕਿਉਂਕਿ ਸਾਰੇ ਨੌਜਵਾਨਾਂ ਨੇ ਆਪਸੀ ਪਿਆਰ, ਅਤੇ ਏਕਤਾ ਨਾਲ ਜਿੱਥੇ ਆਏ ਹੋਏ ਸਰੋਤਿਆਂ ਨੂੰ ਹੈਰਾਨ ਕੀਤਾ, ਉਥੇ ਹੀ ਆਉਣ ਵਾਲੀ ਪੀੜ੍ਹੀ ਨੂੰ ਸਹੀ ਦਿਸ਼ਾ-ਨਿਰਦੇਸ਼ ਦੇਣ ਲਈ ਨਗਰ ਦੇ ਬੱਚਿਆਂ ਨੂੰ ਪੜ੍ਹਾਈ ਵਿਚ ਅਵੱਲ ਦਰਜੇ ਤੇ ਆਉਣ ਉਤੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਆਪਣੀ ਕਲਮ ਦੀ ਤਾਕਤ ਨਾਲ ਰਵਿਦਾਸੀਆ ਧਰਮ ਨੂੰ ਪ੍ਰਫੁਲਤ ਕਰਨ ਵਾਲੇ ਮਹਾਨ ਲੇਖਕ ਰੱਤੂ ਰੰਧਾਵਾ, ਬੰਗੜ ਰਾਏਪੁਰੀ ਤੋਂ ਇਲਾਵਾ ਸ਼੍ਰੀ ਰਾਜਿੰਦਰ ਰਾਣਾ, ਬਲਵੀਰ ਮੰਡ, ਐਮ.ਡੀ. ਮੰਗਾ, ਰਾਜ ਕੁਮਾਰ ਇਟਲੀ, ਰਾਜੇਸ਼ ਕੁਮਾਰ ਮੈਂਬਰ ਬਲਾਕ ਸੰਮਤੀ ਮੈਂਬਰ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਸਮੂਲੀਅਤ ਕਰਨ ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਉਪਰੰਤ ਪ੍ਰਬੰਧਕਾਂ ਵਲੋਂ ਲੰਗਰ ਦਾ ਵੀ ਖਾਸ ਪ੍ਰਬੰਧ ਕੀਤਾ।

# "ਹਰਿ ਹਰਿ ਨਾਮ ਜਪਦਿਆਂ ਕਦੀ ਨਾ ਆਵੇ ਹਾਰ"

ਜਗਤਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਵਿਚ ਹਰਿ ਪਾਰਬ੍ਰਹਮ ਪਰਮੇਸ਼ਵਰ ਦੇ ਨਾਮ ਦੀ ਮਹਿਮਾ ਬੇਅੰਤ ਸਮਾਈ ਪਈ ਹੈ। ਹਰਫ਼- ਹਰਫ਼ ਸੱਚੇ ਮਾਲਿਕ ਦੀ ਉਸਤਤ ਵਡਿਆਈ ਨਾਲ ਭਰਪੂਰ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚ ਵਾਰ-ਵਾਰ 'ਹਰਿ ਪੂਰਨ ਮੁਕਤੀ ਦਾਤਾ' ਦਾ ਜ਼ਿਕਰ ਆਇਆ ਹੈ। ਸਤਿਗੁਰੂ ਜੀਵ ਨੂੰ, ਸਾਡੇ ਸਮਾਜ ਨੂੰ ਵਾਰ-ਵਾਰ ਕਹਿ ਰਹੇ ਹਨ।

ਸੁਖ ਸਾਗਰ ਸੁਰਿਤਰੁ ਚਿੰਤਾ ਮਨਿ ਕਾਮਧੇਨ ਬਧਿ ਜਾ ਕੇਰੇ।।
ਚਾਰਿ ਪਦਾਰਥ ਅਸ਼ਟ ਮਹਾ ਸਿਧਿ ਨਵ ਨਿਧਿ ਕਰਤਲ ਤਾ ਕੈ।।
ਹਰਿ ਹਰਿ ਹਰਿ ਨ ਜਪਸਿ ਰਸਨਾ।।
ਅਬਰ ਸਭ ਛਾਡਿ ਬਚਨ ਰਚਨਾ।।ਰਹਾਉ।।

ਅਗਿਆਨਤਾ ਦੀ ਨੀਂਦੇ ਸੁੱਤੇ ਪਏ ਸਮਾਜ ਨੂੰ ਸਮਝਾ ਰਹੇ ਹਨ, ਭਟਕੇ ਸੰਸਾਰ ਨੂੰ ਰਸਤਾ ਦਿਖਾ ਰਹੇ ਹਨ ਕਿ ਸੁੱਖਾਂ ਦੇ ਸਮੁੰਦਰ ਪ੍ਰਮਾਤਮਾ ਦਾ ਸਿਮਰਨ ਕਰੋ ਜਿਸ ਦੇ ਅਧੀਨ ਸੁਰਤਰ ਕਲਪਬ੍ਰਿਛ, ਮਨ ਇੱਛਤ ਫਲ ਦੇਣ ਵਾਲੀ ਮਨੀ, ਚਿੰਤਾਮਨੀ, ਮਨੋਕਾਮਨਾ ਪੂਰੀ ਕਰਨ ਵਾਲੀ ਕਾਮਧੇਨ ਗਊ ਹਨ। ਚਾਰ ਪਦਾਰਥ ਕਾਮ, ਅਰਥ ਧਰਮ, ਮੋਕਸ਼, ਅੱਠ ਵੱਡੀਆਂ ਸਿੱਧੀਆਂ ਤੇ ਨੌਂ ਖਜ਼ਾਨੇ ਉਸੇ ਪ੍ਰਮਾਤਮਾ ਹਰਿ ਜੀ ਦੇ ਹੱਥ ਦੀ ਤਲੀ ਤੇ ਹਨ। ਜੋ ਜੀਵ ਉਸ ਦਾ ਸਿਮਰਨ ਕਰਦਾ ਹੈ, ਉਸ ਦੇ ਵਸ ਵਿਚ ਇਹ ਸਭ ਕੁਝ ਆ ਜਾਂਦਾ ਹੈ। ਉਸ ਦੇ ਅੱਗੇ ਪਿੱਛੇ ਇਹ ਸਭ ਕੁਝ ਘੁੰਮਦਾ ਹੈ ਇਹ ਹੈ ਪ੍ਰਮਾਤਮਾ ਦੇ ਨਾਮ ਦੀ ਮਹਿਮਾ। ਜੀਵ ਨੂੰ ਸਮਝਾਉਂਦੇ ਹੋਏ ਸਤਿਗੁਰੂ ਜੀ ਕਹਿ ਰਹੇ ਹਨ ਕਿ ਤੂੰ ਐਸੇ ਸੁੱਖਾਂ ਦੇ ਸਮੁੰਦਰ ਹਰਿ ਹਰਿ ਨਾਮ ਰਸਨਾ ਨਾਲ ਕਿਉਂ ਨਹੀ ਜੱਪਦਾ। ਤੂੰ ਸੰਸਾਰ ਦੀ ਝੂਠੀ ਰਚਨਾ ਦੇ ਵਚਨਾਂ ਨੂੰ ਰਸਨਾ ਤੋਂ ਤਿਆਗ ਕੇ ਪ੍ਰਭੂ ਦਾ ਸਿਮਰਨ ਕਰ। ਬੇਅੰਤ ਗੁਣਾਂ ਦਾ ਮਾਲਿਕ ਪ੍ਰਭੂ ਆਪਣੇ ਜੀਵਾਂ ਦੇ ਸਾਰੇ ਕਾਰਜ ਸਵਾਰਦਾ ਹੈ।

ਹਿਰਦੇ ਹਰਿ ਹਰਿ ਹਹੀ ਕੋ, ਸਿਮਰੋ ਵਾਰੇ ਵਾਰੇ।।
ਦੁਸਤਾ ਸੰਗ ਤਿਆਗ ਕਰ ਸੰਤਾਂ ਸੰਗ ਪਿਆਰ।।

ਹਿਰਦੇ ਨੂੰ ਹਰਿ ਹਰਿ ਪ੍ਰਭੂ ਦੇ ਰੰਗ ਵਿਚ ਰੰਗ ਕੇ ਹਰਿ ਹਰਿ ਦਾ ਸਿਮਰਨ ਕਰਦੇ ਜਾਣਾ ਚਾਹੀਦਾ ਹੈ। ਹਿਰਦੇ ਨੂੰ ਹਰਿ ਪ੍ਰਭੂ ਦੇ ਕਾਬਿਲ ਕਰ ਲੈ। ਮਨ ਮੰਦਿਰ ਵਿਚ ਹਰਿ ਜੋਤ ਦਾ ਚਾਨਣ ਹੋਣਾ ਜ਼ਰੂਰੀ ਹੈ। ਸਤਿਗੁਰੂ ਰਵਿਦਾਸ ਜੀ ਸਾਨੂੰ ਉਪਦੇਸ਼ ਦੇ ਰਹੇ ਹਨ ਕਿ ਹਰਿ ਹਰਿ ਨੂੰ ਸਿਮਰਦੇ ਹਿਰਦੇ ਤੋਂ ਪ੍ਰਭੂ ਨੂੰ ਯਾਦ ਕਰਦੇ ਹਾਂ ਤਾਂ ਪ੍ਰਭੂ ਸਾਡੇ ਤੇ ਪ੍ਰਸੰਨ ਹੁੰਦਾ ਹੈ। ਹਰਿ ਨੂੰ ਯਾਦ ਕਰਕੇ ਦੁਸਟਾਂ ਦਾ ਸੰਗ ਤਿਆਗ ਦੇ। ਹਰਿ ਦੇ ਪਿਆਰਿਆਂ ਸੰਤਾਂ ਨਾਲ ਪਿਆਰ ਪਾ ਲੈ। ਉਹਨਾਂ ਦੀ ਸੰਗਤ ਵਿਚ ਲੀਨ ਹੋ ਜੇ ਮੁਕਤ ਹੋਣਾ ਹੈ। ਸੰਤਾਂ ਦੀ ਸੰਗਤ ਕਰ ਜੋ ਹਰਿ ਨਾਲ ਮਿਲਾਉਂਦੇ ਨੇ।

ਹਰਿ ਸਿਮਰੈ ਸੋਈ ਸੰਤ ਬਿਚਾਰੋ,
ਅਬਰ ਜਨਮੁ ਬੇਕਾਮ ਰਾਮ ਬਿਨੁ,
ਕੋਟਿ ਜਨਮ ਸੇ ਉਪਰਿ ਬਾਰੋ।।

ਜੋ ਸੰਤ ਹਰਿ ਨੂੰ ਸਿਮਰਨ ਦਾ ਸੱਚਾ ਉਪਦੇਸ਼ ਦਿੰਦਾ ਹੈ ਉਹ ਸੰਤ ਸੱਚਾ ਹੈ। ਜੋ ਸੰਤ ਪ੍ਰਭੂ ਦਾ ਸਿਮਰਨ ਕਰਦੇ ਹਨ ਉਹੀ ਸ੍ਰੇਸ਼ਟ ਵਿਚਾਰਾਂ ਵਾਲੇ ਹਨ, ਕਿਉਂਕਿ ਪ੍ਰਭੂ ਦੇ ਨਾਮ ਬਿਨਾਂ ਜੀਵ ਦਾ ਜਨਮ ਨਿਸਫਲ ਜਾਂਦਾ ਹੈ। ਇਹ ਜੀਵਨ ਸਫਲ ਕਰਨਾ ਹੈ ਤਾਂ ਆਪਣਾ ਜਨਮ ਸੰਤਾਂ ਦੇ ਚਰਨਾਂ ਤੋਂ ਵਾਰ ਦੇ। ਅਗਰ ਕਰੋੜਾਂ ਜਨਮ ਵੀ ਮਿਲਣ ਤਾਂ ਸੰਤਾਂ ਦੀ ਸ਼ਰਨ ਵਿਚ ਹੀ ਰਹਿਣਾ ਚਾਹੀਦਾ ਹੈ। ਸੰਤ ਹਰਿ ਪਰਮੇਸ਼ਵਰ ਦਾ ਮਾਰਗ ਦਿਖਾਉਂਦੇ ਨੇ।

"ਕਰ ਭਗਤ ਮਿਲੈ ਹਰਿ ਧਾਮ"

ਸਤਿਗੁਰੂ ਉਪਦੇਸ਼ ਦੇ ਰਹੇ ਹਨ ਕਿ ਹਰਿ ਨੂੰ ਯਾਦ ਕਰਨਾ ਇਕੋ ਇਕ ਨੂੰ ਸਿਮਰਨਾ ਮੁਕਤੀ ਦਾ ਆਧਾਰ ਹੈ। ਪਾਪਾਂ ਦੀ ਮੈਲ, ਲੋਭ ਦੀ ਦੌੜ ਛੱਡ ਕੇ ਹਰਿ ਦੀ ਭਗਤੀ ਕਰ ਤੇ ਹਰਿ ਦੀ ਭਗਤੀ ਕਰਨ ਵਾਲੇ ਹਰਿ ਧਾਮ ਸੱਚੇ ਘਰ ਦੇ ਵਾਸੀ ਹੁੰਦੇ ਹਨ।

ਗੁਰੂ ਹਰਿ ਮੈਲਾ ਭੇਦ ਕਛਿ ਕਹਯੋ ਆਪ ਸੁਜਾਨ।।
ਨਿਹਚੈ ਕਰ ਗੁਰ ਚਰਨ ਭੁਜ ਹੋਵਤ ਹੈ ਕਲਿਆਨ।।

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾ ਰਹੇ ਹਨ ਕਿ ਗੁਰੂ ਜੋ ਹਰਿ ਦਾ ਨਾਮ ਜੱਪਦਿਆਂ ਆਪਣੇ ਸੇਵਕਾਂ ਤੋਂ ਹਰਿ ਦਾ ਜਾਪ ਕਰਾਉਂਦਾ ਹੈ, ਹਰਿ ਰੂਪੀ ਸੱਚ ਨੂੰ ਸਮਝ ਕੇ ਮੰਨ ਕੇ ਸਾਰੇ ਸੰਸਾਰ ਨੂੰ ਸਮਝਾਉਣ ਨੂੰ ਤੁਰ ਪਿਆ ਹੈ। ਅਜਿਹੇ ਗੁਰੂ ਦੇ ਚਰਨਾਂ ਵਿਚ ਸਿਰ ਝੁਕਾਉਣ ਵਾਲਿਆਂ ਦਾ ਕਲਿਆਨ ਹੁੰਦਾ ਹੈ। ਹਰਿ ਨੂੰ ਸਿਮਰਦਾ ਹਰਿ ਦੀ ਗੋਦ ਵਿਚ ਬੈਠਾ ਗੁਰੂ ਵੀ ਹਰਿ ਦਾ ਹੀ ਰੂਪ ਹੋ ਜਾਂਦਾ ਹੈ। ਹੇ ਜੀਵ! ਜੇ ਹਰਿ ਵੇਖਣਾ ਹੈ ਤਾਂ ਗੁਰੂ ਦੇ ਗਿਆਨ ਨੂੰ ਮੰਨ ਲੈ। ਜੱਪ ਲੈ ਹਰਿ ਨਾਮ।

ਸਰਬ ਕਰਮ ਕੋ ਤਿਆਗ ਕਰ
ਹਰਿ ਗੁਰ ਜਪ ਦਿਨ ਰੈਨ।।

ਸਾਰੇ ਸੰਸਾਰੀ ਕਰਮਾਂ ਨੂੰ ਤਿਆਗ ਦੇ, ਕਰਮਕਾਂਡੀ ਪੂਜਾ ਭਗਤੀ ਦਾ ਤਿਆਗ ਕਰ ਦੇ ਤੇ ਹਰਿ ਨੂੰ ਜੱਪ ਦਿਨ ਰਾਤ, ਅੱਠੋ ਪਹਿਰ ਹਰਿ ਨੂੰ ਜੱਪ ਲੈ। ਹਰ ਸਾਹ ਤੇ ਹਰਿ ਹਰਿ ਚਲਦਾ ਰਹਿਣਾ ਚਾਹੀਦਾ ਹੈ। ਇਕ ਖਸਮ ਦੀ ਬਾਣੀ ਨੂੰ ਮਨ ਹਿਰਦੇ'ਚ ਵਸਾ ਕੇ ਚੱਲਣਾ ਹੈ।

ਕਹਿ ਰਵਿਦਾਸ ਭਜ ਹਰਿ ਨਾਮ
ਪ੍ਰਭੂ ਸੋ ਧਿਆਨ ਸਫਲ ਸਭ ਕਾਮ।।

ਹਰਿ ਦਾ ਸਿਮਰਨ ਕਰਨ ਨਾਲ, ਹਰਿ ਹਰਿ ਨਾਮ ਜੱਪਣ ਨਾਲ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਹਰਿ ਆਪਣੇ ਸੇਵਕਾਂ ਦੇ ਕਾਰਜ ਖੁਦ ਸਵਾਰਦਾ ਆਇਆ ਹੈ।

"ਹਰਿ ਹਰਿ ਨਾਮ ਧਿਆਉ ਸਦਾ ਮਨ ਪ੍ਰੇਮ ਕਰ
ਲੋਭ ਮੋਹ ਹੰਕਾਰ ਦੂਤ ਜੰਮ ਦੂਰ ਹਰਿ।।
ਸੱਚ ਸ਼ੀਲ ਸੰਤੋਖ ਸਦਾ ਦ੍ਰਿੜ ਕੀਜੀਏ
ਅੰਮ੍ਰਿਤ ਹਰਿ ਕਾ ਨਾਮ ਪ੍ਰੇਮ ਕਰ ਪੀਜੀਏ"।।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਮਾਰਗ ਦੇ ਰਹੀ ਹੈ। ਭਟਕੇ ਪਏ ਜੀਵ ਨੂੰ, ਅੰਧਕਾਰ ਵਿਚ ਡੁੱਬੇ ਸਮਾਜ ਨੂੰ, ਵਹਿਮਾਂ ਭਰਮਾਂ, ਵਿਸ਼ਿਆਂ ਵਿਕਾਰਾਂ ਰੂਪੀ ਹਨੇਰਿਆਂ ਵਿਚ ਗੁਆਚੇ ਮਨ ਤੇ ਹਰਿ ਦਾ ਚਾਨਣ ਕਰਨ ਦਾ ਸੁਨੇਹਾ ਦੇ ਰਹੀ ਹੈ। ਹਰਿ ਹਰਿ ਦਾ ਨਾਮ ਧਿਆਉਣ ਨਾਲ ਸਦਾ ਸਦਾ ਲਈ ਮਨ ਪ੍ਰੇਮ ਦਾ ਪੁਜਾਰੀ ਹੋ ਜਾਂਦਾ ਹੈ। ਲੋਭ, ਮੋਹ, ਹੰਕਾਰ ਆਦਿ ਵਿਸ਼ਿਆਂ ਵਿਕਾਰਾਂ ਨੂੰ ਕੋਈ ਥਾਂ ਨਹੀਂ ਮਿਲਦੀ ਜਦੋਂ ਹਰਿ ਦਾ ਵਾਸ ਹੁੰਦਾ ਹੈ। ਹਰਿ ਦਾ ਨਾਮ ਜੱਪਣ ਨਾਲ, ਸੱਚ, ਸ਼ੀਲ, ਸੰਤੋਖ ਭਾਵ ਹੋਰ ਦ੍ਰਿੜ ਹੋ ਜਾਂਦੇ ਹਨ। ਹਰਿ ਅਨੇਕਾਂ ਗੁਣਾਂ ਦੀ ਰਹਿਮਤ ਹੈ। ਇਹ ਅੰਮ੍ਰਿਤ ਹਰਿ ਦੇ ਨਾਮ ਦਾ ਪ੍ਰੇਮ ਕਰਕੇ ਪੀਵੋ। ਐਸਾ ਅੰਮ੍ਰਿਤ ਵਿਸ਼ਿਆਂ- ਵਿਕਾਰਾਂ ਰੂਪੀ ਜ਼ਹਿਰ ਨੂੰ ਮਾਰ ਮੁਕਾਉਂਦਾ ਏ।

ਬਿਨ ਹਰਿ ਨਾਮ ਨ ਧਾਰ ਕੂਛਹੁ ਸੰਸਾਰ ਹੈ
ਹਰਿ ਕਾ ਨਾਮ ਧਿਆਵੈ ਭਵਿ ਨਿਧ ਪਾਰ ਹੈ।।

ਇਹ ਸੰਸਾਰ ਦੀ ਸਾਰੀ ਰਚਨਾ ਹਰਿ ਦੀ ਬਣਾਈ ਰਚਨਾ ਹੈ। ਹਰਿ ਬਿਨਾਂ ਇਸ ਸੰਸਾਰ ਦੀ ਬਣਤਰ ਵਿਚ, ਪਾਲਣ ਵਿਚ ਕੋਈ ਦਖ਼ਲ ਨਹੀਂ ਕਰ ਪਾਉਂਦਾ। ਹਰਿ ਦੇ ਨਾਮ ਬਿਨਾਂ ਸੰਸਾਰ ਵਿਚ ਕੁਝ ਵੀ ਨਹੀਂ ਹੈ। ਹਰਿ ਨਾਮ ਧਿਆਉਣ ਨਾਲ ਭਵ-ਸਾਗਰ ਤੋਂ ਪਾਰ ਹੋਇਆ ਜਾਂਦਾ ਹੈ।

ਮੰਗਲ ਮਹਾ ਸੋ ਮੰਗਲ ਹਰਿ ਹਰਿ ਨਾਮ ਹੈ।
ਆਠ ਪਹਿਰ ਮੁੱਖ ਜਪੋ, ਇਹੀ ਸ਼ੁੱਭ ਕਾਮ ਹੈ।।

ਜਿੰਨਾ ਹੋ ਸਕੇ ਹਰਿ ਹਰਿ ਨਾਮ ਜੱਪਣਾ ਚਾਹੀਦਾ ਹੈ। ਕੇਵਲ ਹਰਿ ਦਾ ਨਾਮ ਹੈ ਜਿਸ ਨੂੰ ਦਿਨ ਰਾਤ ਅੱਠੋ ਪਹਿਰ ਜੱਪਣਾ ਚਾਹੀਦਾ ਹੈ। ਅੱਠੋ ਪਹਿਰ ਮੁੱਖ ਤੇ ਹਰਿ ਹਰਿ ਨਾਮ ਰਹਿਣਾ ਚਾਹੀਦਾ। ਇਸ ਤੋਂ ਵੱਡਾ ਕੋਈ ਸ਼ੁੱਭ ਕੰਮ ਨਹੀਂ ਹੈ।

ਹਰਿ ਪੂਰਨ ਪ੍ਰਮਾਤਮਾ ਨਿਰਧਨ ਅਪਾਰ।
ਸਰਬ ਵਿਆਪੀ ਪ੍ਰਭੂ ਹੈ ਤੂੰ ਨਾ ਕਬੀ ਵਿਸਾਰ।।

ਸਰਬ-ਵਿਆਪੀ ਪ੍ਰਭੂ 'ਹਰਿ' ਨੂੰ ਸਿਮਰ ਲੈ, ਮੁਕਤੀ ਚਾਹੁੰਦਾ ਹੈ ਸਦਾ ਯਾਦ ਰੱਖ ਉੱਠਦਾ, ਬਹਿੰਦਾ ਹਰਿ ਦੀ ਧੁੰਨ ਵੱਜਦੀ ਰਹਿੰਦੀ ਹੈ। ਕੋਈ ਕੰਮ ਵੀ ਕਰ, ਤੂੰਬੇ ਦੀ ਤਾਰ ਉਥੇ ਹਰਿ ਹਰਿ ਵਿਚ ਵੱਜਦੀ ਰਹੇ। ਬਸ ਹਰਿ ਪ੍ਰਭੂ ਨੂੰ ਕਦੀ ਨਾ ਵਿਸਾਰੀ। ਹਰਿ ਦੇ ਨਾਮ ਦੀ ਮਹਿਮਾ ਅੰਮ੍ਰਿਤਬਾਣੀ ਵਿਚ ਭਰੀ ਪਈ ਹੈ।

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ।।
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।।

ਹਰਿ ਦਾ ਸੱਚਾ ਨਾਮ ਇੰਨਾ ਸ਼ਕਤੀਸ਼ਾਲੀ ਹੈ ਕਿ ਜੋ ਜੀਵ ਹਰਿ ਦਾ ਨਾਮ ਜੱਪਦਾ ਹੈ ਉਸ ਦੀ ਬਰਾਬਰੀ ਵਿਸ਼ਨੂੰ, ਸ਼ਿਵ ਤੇ ਹੋਰ ਕੋਈ ਨਹੀਂ ਕਰ ਸਕਦਾ। ਉਹ ਪ੍ਰਭੂ ਇਕ ਤੋਂ ਅਨੇਕਾਂ ਰੂਪ 'ਚ ਬਿਰਾਜਮਾਨ ਹੈ। ਐਸਾ ਸ਼ਕਤੀਸ਼ਾਲੀ ਹਰਿ ਨਾਮ ਜੱਪ ਲੈ ਜੋ ਭਵ-ਸਾਗਰ ਤੋਂ ਪਾਰ ਕਰ ਦਿੰਦਾ ਹੈ, ਵਿਸ਼ਿਆਂ ਵਿਕਾਰਾਂ ਦੀ ਸਮਝ ਪਾ ਦਿੰਦਾ ਹੈ। ਸਹੀ ਗਲਤ ਦਾ ਰਾਹ ਨਜ਼ਰ ਆ ਜਾਂਦਾ ਹੈ, ਸੱਚਾ ਨਾਮ ਜਦ ਮਨ ਤੇ ਉਤਰਦਾ ਹੈ ਤਾਂ ਝੂਠੇ ਪਸਾਰੇ ਲਹਿ ਜਾਂਦੇ ਹਨ। ਹਰਿ ਦਾ ਮਜੀਠੀ ਰੰਗ ਇਸ ਤਰ੍ਹਾਂ ਚੜ੍ਹ ਜਾਂਦਾ ਹੈ ਜੋ ਕਦੇ ਵੀ ਨਹੀਂ ਉਤਰਦਾ। ਇਹ ਹਰਿ ਦਾ ਮਜੀਠੀ ਰੰਗ ਹਰਿ ਹਰਿ ਦੇ ਜਾਪ ਨਾਲ ਹੀ

(ਬਾਕੀ ਸਫਾ 6 'ਤੇ)

## ਰਵਿਦਾਸੀਆ ਧਰਮ ਲਿਖਾਇਓ ਜੀ.......

ਸ਼੍ਰੀ ਗੁਰੂ ਰਵਿਦਾਸ ਦੀਏ ਸੰਗਤੇ, ਸਭ ਨੂੰ ਇਹ ਸਮਝਾਇਓ ਜੀ।
ਜਾਤੀ ਦੀ ਜਨਗਣਨਾ ਦੇ ਵਿਚ, ਰਵਿਦਾਸੀਆ ਧਰਮ ਲਿਖਾਇਓ ਜੀ।

ਮਾਨਵ-ਵਿਰੋਧੀਆਂ ਚਾਲ ਸੀ ਚੱਲੀ, ਦਰਜੇ ਮਿਲੇ ਸੀ ਚੌਥੇ।
ਦੁਨੀਆਂ ਪੁੱਜ ਗਈ ਚੰਦ ਦੇ ਉਪਰ, ਅਸੀਂ ਉਥੇ ਦੇ ਉਥੇ।
ਹੁਣ ਤੁਸੀਂ ਸੋਚ ਸਮਝ ਕੇ , ਕਰਮ ਇਕ ਕਮਾਇਓ ਜੀ।
ਜਾਤੀ ਦੀ ਜਨਗਣਨਾ ਦੇ ਵਿਚ, ਰਵਿਦਾਸੀਆ ਧਰਮ ਲਿਖਾਇਓ ਜੀ...।

ਸਾਨੂੰ ਸਾਰੇ ਗੱਲਾਂ-ਗੱਲਾਂ ਵਿਚ, ਰੱਖਦੇ ਰਹੇ ਅੱਧਵਾਟੇ।
ਆਪ ਪਹਿਨਦੇ ਰਹੇ ਮਖਮਲੀ, ਰਹੇ ਲੀੜੇ ਸਾਡੇ ਪਾਟੇ।
ਕਰਮਚਾਰੀ ਜਦੋਂ ਘਰ ਵਿਚ ਆਵਣ, ਜੈ ਗੁਰਦੇਵ ਬੁਲਾਇਓ ਜੀ।
ਜਾਤੀ ਦੀ ਜਨਗਣਨਾ ਦੇ ਵਿਚ, ਰਵਿਦਾਸੀਆ ਧਰਮ ਲਿਖਾਇਓ ਜੀ...।

ਸਮਾਂ ਆ ਗਿਆ ਸਾਡਾ ਰਵਿਦਾਸੀਓ, ਨਵਾਂ ਵਜੂਦ ਬਨਾਵਣ ਦਾ।
ਦਿੱਲੀ ਦੇ ਦਰਵਾਜ਼ੇ ਤਾਈਂ, ਬੁਲੰਦ ਆਵਾਜ਼ ਪਹੁੰਚਾਵਣ ਦਾ।
ਬੱਚੇ ਪੜ੍ਹਾ ਦਿਓ ਜ਼ੋਰ ਲਗਾ ਕੇ, ਥੋੜ੍ਹੀ ਭਾਵੇਂ ਖਾਇਓ ਜੀ।
ਜਾਤੀ ਦੀ ਜਨਗਣਨਾ ਦੇ ਵਿਚ, ਰਵਿਦਾਸੀਆ ਧਰਮ ਲਿਖਾਇਓ ਜੀ...।

'ਜੱਗਾ' ਕਹਿੰਦਾ ਸ਼ਾਮ ਵਾਲਾ, ਇਕ ਗੱਲ ਪੱਲੇ ਬੰਨ੍ਹ ਲਓ ਸਾਰੇ।
ਪਿਆਰ ਗੁਰੂ ਨੂੰ ਕਰਨ ਜੋ ਕੌਮਾਂ, ਲੱਗਣ ਸਦਾ ਕਿਨਾਰੇ।
ਸਤਿਸੰਗ ਸੁਣਨ ਐਤਵਾਰ ਨੂੰ, ਸੱਚਖੰਡ ਬੱਲਾਂ ਜਾਇਓ ਜੀ।
ਜਾਤੀ ਦੀ ਜਨਗਣਨਾ ਦੇ ਵਿਚ, ਰਵਿਦਾਸੀਆ ਧਰਮ ਲਿਖਾਇਓ ਜੀ...।

*—ਜਗਤਾਰ ਝੰਮਟ ਉਰਫ ਜੱਗਾ ਸੰਤੋਖਪੁਰਾ (ਜਲੰਧਰ)*

## ਅਸੀਂ ਤੈਨੂੰ ਸੀਸ ਹਾਂ ਨਿਵਾਉਂਦੇ ਬਾਬਾ ਜੀ

ਸੂਰਬੀਰ ਯੋਧੇ ਕਈ ਦੁਨੀਆਂ 'ਤੇ ਆਉਂਦੇ ਨੇ,
ਮਾਨਵ ਵਿਰੋਧੀਆਂ ਨਾਲ ਮੱਥੇ ਜਿਹੜੇ ਲਾਉਂਦੇ ਨੇ।
ਤੇਰੀ ਤਾਂ ਹੈ ਬਾਤ ਹੀ ਨਿਰਾਲੀ ਬਾਬਾ ਜੀ।
ਬਹੁਜਨਾਂ ਦੀ ਕਿਸਮਤ ਪਲਟਾਉਣ ਵਾਲਿਆਂ।
ਅਸੀਂ ਤੈਨੂੰ ਸੀਸ ਹਾਂ ਨਿਵਾਉਂਦੇ,
ਸਾਰੀ ਜਿੰਦ ਕੌਮ ਲੇਖੇ ਲਾਉਣ ਵਾਲਿਆ।
ਰਹਿਬਰਾਂ ਦੀ ਸੋਚ 'ਤੇ ਪਹਿਰਾ ਦਿੱਤਾ ਤੁਸੀਂ ਜੀ।
ਕੀਤੇ ਉਹੇ ਕੰਮ ਜਿਹੜੇ ਰਹਿ ਗਏ ਅਧੂਰੇ ਜੀ।
ਸਾਰੀ ਹੀ ਤੂੰ ਜ਼ਿੰਦਗੀ ਸੰਘਰਸ਼ ਰਿਹਾ ਕਰਦਾ।
ਉਹਨਾਂ ਦੇ ਸੁਪਨੇ ਹੀ ਤੂੰ ਕਰ ਦਿੱਤੇ ਪੂਰੇ ਜੀ।
ਏਕਤਾ, ਸਮਾਨਤਾ ਲਈ ਲੜਦਾ ਤੂੰ ਰਿਹਾ ਸਦਾ।
ਮਿਸ਼ਨ ਗੁਰੂਆਂ ਦਾ ਅੱਗੇ ਨੂੰ ਚਲਾਉਣ ਵਾਲਿਆ।
ਅਸੀਂ ਤੈਨੂੰ ਸੀਸ.........।
ਬੇਗਮਪੁਰੇ ਜਿਹੜਾ ਸੁਪਨਾ ਸੀ ਰਹਿਬਰਾਂ ਦਾ।
ਉਹਦੀਆਂ ਤੂੰ ਨੀਂਹਾਂ ਹੱਥੀਂ ਆਪ ਬਾਬਾ ਰੱਖੀਆਂ।
ਲਿਖ ਸੰਵਿਧਾਨ ਦਿੱਤਾ ਅਸਲੀ ਤੂੰ ਰੂਪ ਇਹਨੂੰ।
ਤੇਰੀ ਬਦੌਲਤ ਤਾਂ ਹੋਈਆਂ ਨੇ ਤਰੱਕੀਆਂ।
ਲਿਖਤੀ ਤੂੰ ਰੂਪ ਵਿੱਚ ਲੈ ਦਿੱਤੇ ਹੱਕ ਸਾਰੇ।
ਹੱਕਾਂ ਦੇ ਲਈ ਲੜਨਾ ਸਿਖਾਉਣ ਵਾਲਿਆ।
ਅਸੀਂ ਤਨੂੰ ਸੀਸ........।
ਤੇਰੇ ਦਿੱਤੇ ਹੱਕਾਂ ਨਾਲ ਕਈ ਵਿਦਵਾਨ ਬਣੇ।
ਸਾਰੇ ਇਤਿਹਾਸ ਉਨ੍ਹਾਂ ਕੋਲੋਂ ਲਿਖਵਾਏ ਤੂੰ,
ਭੇਦਭਾਵ ਨੂੰ ਫੈਲਾਉਣ ਵਾਲੇ ਜੋ ਗ੍ਰੰਥ ਸੀ।
ਕਰਕੇ ਬਹਾਦਰੀ ਹੱਥੀਂ ਉਹ ਜਲਾਏ ਤੂੰ।
ਕੁਰਸੀ 'ਤੇ ਜਿਹੜੇ ਨਹੀਂ ਸੀ ਬੈਠ ਸਕਦੇ,
ਤਾਜ ਸਿਰ ਉਹਨਾਂ ਦੇ ਟਿਕਾਉਣ ਵਾਲਿਆ।
ਅਸੀਂ ਤੈਨੂੰ ਸੀਸ ਹਾਂ ਨਿਵਾਉਂਦੇ ਬਾਬਾ ਜੀ।
ਸਾਰੀ ਜਿੰਦ ਕੌਮ ਲੇਖੇ ਲਾਉਣ ਵਾਲਿਆ।

**—ਮਨੋਹਰ ਹੀਰਾ, ਪਰਮਿੰਦਰ**

**ਸਪਤਾਹਿਕ ਬੇਗਮਪੁਰਾ ਸ਼ਹਿਰ,**
**ਆਪ ਪੜ੍ਹੋ ਅਤੇ**
**ਦੂਸਰਿਆਂ ਨੂੰ ਪੜ੍ਹਨ ਲਈ ਪ੍ਰੇਰੋ।**

## ਹਰਿ ਹਰਿ ਨਾਮ ਜਪਦਿਆਂ ਕਦੀ ਨਾ ਆਵੇ ਹਾਰ

*(ਸਫਾ 5 ਦੀ ਬਾਕੀ)*

**ਚੜ੍ਹਦਾ ਹੈ ਤੇ ਮਹਾਂਪੁਰਸ਼ਾ ਦੀ ਸੰਗਤ ਵਿਚ ਹੀ ਪ੍ਰਾਪਤ ਹੁੰਦਾ ਹੈ।**

**ਜੋ ਦਿਨ ਆਵਹਿ ਸੋ ਦਿਨ ਜਾਹਿ**
**ਕਰਨਾ ਕੂਚ ਰਹਨੁ ਥਿਰ ਨਾਹੀ।।**
**ਸੰਗ ਚਲਤ ਹੈ ਹਮ ਭੀ ਚਲਨਾ**
**ਦੂਰ ਗਵਨ ਸਿਰ ਉਪਰਿ ਮਰਨ।।**
**ਕਿਆ ਤੂੰ ਸੋਇਆ ਜਾਗ ਇਆਨਾ**
**ਤੈ ਜੀਵਨ ਜਗਿ ਸਚੁ ਕਰਿ ਜਾਨਾ।।**

**ਜੋ ਦਿਨ ਆ ਰਿਹਾ ਹੈ ਉਹ ਡੁੱਬਦਾ ਜਾ ਰਿਹਾ ਹੈ।ਜੀਵ ਦੀ ਵੀ ਦਿਨ- ਬ ਦਿਨ ਉਮਰ ਘਟਦੀ ਜਾ ਰਹੀ ਹੈ।ਸਭ ਨੇ ਸੰਸਾਰ ਨੂੰ ਛੱਡ ਜਾਣਾ ਹੈ।ਇਹ ਸੰਸਾਰ ਸਥਿਰ ਰਹਿਣ ਵਾਲਾ ਨਹੀਂ ਹੈ।ਸੰਗੀ ਸਾਥੀ ਸੰਸਾਰ ਤੋਂ ਜਾ ਰਹੇ ਹਨ ਅਸੀਂ ਵੀ ਇਕ ਦਿਨ ਸੰਸਾਰ ਤੋਂ ਜਾਣਾ ਹੈ।ਇਹ ਮੌਤ ਸਦਾ ਸਿਰ ਤੇ ਖੜ੍ਹੀ ਹੈ।ਇਹ ਸੰਸਾਰੀ ਜੀਵ ਅਗਿਆਨਤਾ ਰੂਪੀ ਨੀਂਦ ਵਿਚ ਸੁੱਤਾ ਪਿਆ ਸੰਸਾਰ ਨੂੰ ਸੱਚ ਸਮਝੀ ਬੈਠਾ ਹੈ ਜੋ ਅਸਲ ਵਿਚ ਨਾਸ਼ਵਾਨ ਹੈ।ਇਸੇ ਲਈ**

**ਕਰਿ ਬੰਦਿਗੀ ਛਾਡਿ ਮੈ ਮੇਰਾ**
**ਹਿਰਦੈ ਨਾਮੁ ਸਮਾਰਿ ਸਵੇਰਾ।।**

**ਹੇ ਜੀਵ! ਇਸ ਨਾਸ਼ਵਾਨ ਸੰਸਾਰ ਨੂੰ ਛੱਡ ਦੇ, ਝੂਠੀ ਆਸ ਨਾ ਰੱਖ, ਮੈਂ ਮੇਰੀ ਦੇ ਹੰਕਾਰ ਨੂੰ ਛੱਡ ਦੇ, ਇਕ ਪ੍ਰਭੂ ਦੀ ਬੰਦਗੀ ਕਰ, ਅੰਮ੍ਰਿਤ ਵੇਲੇ ਉੱਠ ਕੇ ਹਿਰਦੇ ਵਿਚ ਹਰਿ ਦਾ ਸਿਮਰਨ ਕਰਿਆ ਕਰ ਕਿਉਂਕਿ**

**ਹਰਿ ਹਰਿ ਨਾਮ ਜਪਦਿਆਂ ਕਦੀ ਨਾ ਆਵੇ ਹਾਰ।।**

**ਹਰਿ ਹਰਿ ਦੇ ਨਾਮ ਤੋਂ ਬਿਨਾਂ ਇਸ ਸੰਸਾਰ ਦਾ ਜੀਵ ਹਾਰ ਜਾਂਦਾ ਹੈ।ਸਤਿਗੁਰੂ ਆਪਣੀ ਅੰਮ੍ਰਿਤਬਾਣੀ ਰਾਹੀਂ ਉਪਦੇਸ਼ ਦੇ ਰਹੇ ਹਨ ਕਿ ਇਸ ਸਮੇਂ ਨੂੰ ਗਵਾ ਨਾ ਇਹ ਸਮਾਂ ਬਹੁਤ ਕੀਮਤੀ ਹੈ।ਜੇ ਤੂੰ ਜੀਵਨ ਦੀ ਬਾਜੀ ਜਿੱਤਣੀ ਹੈ ਤਾਂ ਹਰਿ ਹਰਿ ਨਾਮ ਜੱਪ।ਜਿਸ ਦੇ ਸੱਚੇ ਨਾਮ ਕਰਕੇ ਤੈਨੂੰ ਕਦੇ ਵੀ ਹਾਰ ਨਹੀਂ ਮਿਲੇਗੀ।ਤਨ ਮਨ ਹਰਿ ਨੂੰ ਸਮਰਪਿਤ ਕਰਕੇ ਹਰਿ ਨਾਮ ਦੇ ਡੂੰਘੇ ਸਾਗਰਾਂ ਵਿਚ ਤੈਰਨਾ ਹੈ ਤਾਂ ਹਰਿ ਨੂੰ ਸਿਮਰ ਲੈ।**

**ਹਰਿ ਨੂੰ ਯਾਦ ਕਰਨਾ, ਹਰਿ ਦੀ ਅਰਾਧਨਾ ਕਰਨਾ, ਹਰਿ ਪ੍ਰਭੂ ਨੂੰ ਸਿਮਰਨਾ ਇਕੋ ਇਕ ਮਾਰਗ ਹੈ ਜੋ ਸਾਡੀ ਮੁਕਤੀ ਦਾ ਮਾਰਗ ਹੈ।ਇਸ ਮਾਰਗ ਤੇ ਚੱਲ ਕੇ ਅਸੀਂ ਮੁਕਤੀ ਪ੍ਰਾਪਤ ਕਰ ਸਕਦੇ ਹਾਂ।ਇਸ ਮਾਰਗ ਤੋਂ ਹੱਟ ਕੇ ਮੁਕਤੀ ਤਾਂ ਕੀ ਅਸੀਂ ਕੁਝ ਵੀ ਹਾਸਿਲ ਨਹੀਂ ਕਰ ਸਕਦੇ।ਪਾਰਬ੍ਰਹਮ ਪ੍ਰਭੂ ਪਰਮੇਸ਼ਵਰ ਜਿਸ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਅੰਮ੍ਰਿਤਬਾਣੀ ਵਿਚ 'ਹਰਿ' ਨਾਮ ਨਾਲ ਯਾਦ ਕੀਤਾ ਹੈ।ਸਵਾਸ ਸਵਾਸ ਸਿਮਰਿਆ ਹੈ।ਅੱਜ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਪਿਤਾ ਸਤਿਗੁਰੂ ਰਵਿਦਾਸ ਜੀ ਦੀ ਸਿੱਖਿਆ ਨੂੰ ਆਪ ਮੰਨ ਕੇ ਦੁਨੀਆਂ ਸਾਹਮਣੇ ਰੱਖੀਏ।ਜਿੰਨਾ ਚਿਰ ਅਸੀਂ ਅੰਮ੍ਰਿਤਬਾਣੀ ਨੂੰ ਅਮਲਾਂ ਵਿਚ ਨਹੀਂ ਉਤਾਰਦੇ ਉਨਾ ਚਿਰ ਸਾਡਾ ਜੀਵਨ ਬੇਅਰਥ ਹੈ।ਇਹ ਸੱਚ ਸਾਨੂੰ ਮੰਨ ਲੈਣਾ ਚਾਹੀਦਾ ਹੈ।ਸਾਡੀ ਮੁਕਤੀ ਦਾ ਆਧਾਰ ਹਰਿ ਨਾਮ ਹੈ।ਸੱਚੇ ਨਾਮ ਬਿਨਾਂ ਸਾਡੀ ਮੁਕਤੀ, ਸਾਡੇ ਸਮਾਜ ਦਾ ਕਲਿਆਣ ਨਹੀਂ ਹੈ।** *-ਰਾਜੇਸ਼ ਕੈਂਥ ਭਬਿਆਣਵੀ*

## ਰਵਿਦਾਸੀਆ ਧਰਮ ਹੈ ਸਾਡਾ

ਰਵਿਦਾਸੀਆ ਧਰਮ ਹੈ ਸਾਡਾ, ਆਓ ਸਾਰੇ ਅਪਣਾ ਲਈਏ।
ਆ ਜਾਓ ਸਾਰੇ ਇਕਜੁੱਟ ਹੋ ਕੇ , ਇਸਦੀ ਹੋਂਦ ਵਧਾ ਲਈਏ।

ਸੰਕਲਪ ਸ਼੍ਰੀ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਵਸਾਉਣੇ ਦਾ।
ਉਚ-ਨੀਚ ਦੇ ਭੇਦ ਮਿਟਾ ਕੇ, ਇਕ ਸਮਾਨ ਬਣਾਉਣੇ ਦਾ।
ਪੂਰਨਿਆਂ 'ਤੇ ਗੁਰੂ ਰਵਿਦਾਸ ਆਪਾਂ ਕਦਮ ਟਿਕਾ ਲਈਏ।

ਸਦੀਆਂ ਤੱਕ ਰਹੇ ਕੌਮ ਦੇ ਉਤੇ, ਕਾਲੇ ਬੱਦਲ ਛਾਏ।
ਰਹਿਬਰ ਬਣ ਕੇ ਗੁਰੂ ਰਵਿਦਾਸ ਜੀ ਮਜ਼ਲੂਮਾਂ ਲਈ ਆਏ।
ਗੁਰੂ ਰਵਿਦਾਸ ਦੀ ਸਿੱਖਿਆ ਉਤੇ ਚਲ ਕੇ ਮਾਰਗ ਪਾ ਲਈਏ।

ਕਰਕੇ ਬੜਾ ਸੰਘਰਸ਼ ਉਨ੍ਹਾਂ ਨੇ ਧਰਮ ਦਾ ਬੂਟਾ ਲਾਇਆ।
ਸਭਨਾਂ ਦੇ ਕਲਿਆਣ ਦੀ ਖਾਤਰ ਮਾਰਗ ਨਵਾਂ ਬਣਾਇਆ।
ਗੁਰੂ ਸਰਵਣ ਦਾਸ ਦੀ ਮਹਿਮਾ ਦਾ ਜਸ ਘਰ-ਘਰ ਦੇ ਵਿਚ ਗਾ ਲਈਏ।

ਭੁੱਲੀ-ਭਟਕੀ ਹੋਈ ਲੁਕਾਈ ਨੂੰ, ਜੋ ਸੱਚ ਦਾ ਰਾਹ ਦਿਖਾਉਂਦੇ ਨੇ।
ਜੱਗ ਵਿਚ ਜਿਉਂਦੇ ਰਹਿਣ ਹਮੇਸ਼ਾਂ, ਯੁੱਗ ਪੁਰਸ਼ ਅਖਵਾਉਂਦੇ ਨੇ।
ਮਾਰਗ ਪਾ ਕੇ ਉਹਨਾਂ ਦੇ ਕੋਲੋਂ ਅੰਦਰ ਜੋਤ ਜਗਾ ਲਈਏ।

*—ਸੁਖਵਿੰਦਰ ਸੁੱਚੀ ਪਿੰਡ*

# अमृत-बाणी जगत्गुरु रविदास जी

## शब्द विचार

17.

**तिस बिन दूसर अवर ना, निरंकार को देख॥ अमर अजर भरपूर गुर, घटि घटि मांहि सुलेख॥ निरंकार सद सदीव सोए, साहिब सर्व विशेष॥ शरधा से प्रीतम मिले, पावत सर्व ही भेख॥ ताप तपे मन मार के, होत जात है शीव॥ उदास रहे संसार में, बहु बिअंत ही जीव॥ आतम देर बसाया, हृदय में कर वास॥ जग में आया सुफल है, कहत भयो रविदास॥**

हे जीव! निराकार प्रभु के बिना अन्य कुछ सत्य नहीं है। उस प्रभु का सिमरन करो। प्रभु अमर, अजर व पूर्ण संसार के कण-कण में बिराजमान है। निराकार प्रभु सदैव सर्वश्रेष्ठ एवं अदभुत है। श्रद्धा से प्रभु-प्रीतम से सभी प्रकार के भेद समाप्त हो जाते हैं। मन को मारकर श्रेष्ठ तप करने से जीव का कल्याण होता है। जो जीव संसार से उपराम होकर प्रभु का सिमरन करता है, उसे प्रभु की प्राप्ति होती है। सतगुरू रविदास महाराज जी उच्चारण करते हैं कि जो जीव अपने भीतर प्रभु को अनुभव कर लेता है, उसका संसार में आना सफल हो जाता है।

18.

**नाम धनी का सत सदा, गुरदेव राख मन टेक॥ अन्तर धरीं ध्यान तूं, बृिति को कर एक॥ अंत करण सुधार के, सोहंग मनि करो पाठ॥ सतगुर की दरगाह में, सुंदर होवे ठाठ॥ गुर की किया उपमा कथो, अदभुत लीला रीत॥ प्रेम बिछोरा ना जरे, मीन समान है प्रीति॥ ओअं ओअं ध्यान धर, सोहं भेद विचार॥ तत रूप होए जनमनां, कहे रविदास आचार॥**

हे मानव! सारे खजाने के स्वामी प्रभु का सदैव सिमरन करो और गुरूदेव का मन में ध्यान रखो। अपने ध्यान को एकाग्र करके अपने भीतर प्रभु का ध्यान करो। प्रभु का सिमरन करने से जीव का अंत-कर्ण शुद्ध हो जाता है और प्रभु के दरबार में उसे सम्मान मिलता है। गुरू की जीव क्या महिमा कर सकता है? उसकी लीला की रीति अदभुत है। प्रभु प्रेमी जीव प्रभु से दूरी सहन नहीं कर सकता, जैसे मछली की जल के साथ प्रीति है, उसी प्रकार जीव को प्रभु के साथ प्रीति करनी चाहिए। हे जीव! तुम ओंकार का ध्यान करके उसके साथ एक होने का विचार करो। सतगुरू रविदास महाराज जी उच्चारण करते हैं कि जीव अपने मन को तत्व रूपी प्रभु के साथ जोडकर अपना जीवन सफल कर सकता है।

19.

**दुरमति का त्यागन करो, लेहो गुरमत खोज॥ खोटन की संगत तजो, किऊं सिर पर उठाओ बोज॥ गुर शरण में मन लागे, छूटे माया बंध॥ आगे मुशकिल ना बणे, होए नाम सनबंध॥ झूठ बोल, झूठा बणे, झूठ तियागो गैल॥ जन रविदास विचारिया, गली, गली कर सैल॥**

हे जीव! तू कुमति का त्याग कर और गुरू की श्रेष्ठ मति की खोज कर। बुरे जीवों की संगति से जो बोझ तुमने अपने सिर पर उठाया है, उसका त्याग करो। गुरू की शरण में मन लगाने से माया के सभी बंधन समाप्त हो जाते हैं। जब प्रभु का नाम जीव का सहायक बन जाता है तो किसी प्रकार की कोई कठिनाई नहीं होती। झूठ बोलने से जीव झूठा होता है। इसलिए झूठों को त्याग देना चाहिए। सतगुरू रविदास महाराज जी उच्चारण करते हैं कि जो जीव प्रभु का सिमरन करते हैं वे 'बेगमपुरा' की गलियों की सैर करते हैं।

20.

**भगवान आतम देव का, करो मन अपने जाप॥ नाम बडाई मनन कर सब तापन सिर ताप॥ गति रीति ना कहि सको, जो माने गुर वाक॥ कागज़ मिले ना प्रेम को, कलम लिखे नहीं साख॥ बैठ विचारो मन विखे, सतगुर ध्यान लगाए॥ संगत का फल पाव है, पाप नरंचक लाए॥ बाणी रटो गुर, गुर सदा, अंतर लए सुख भास॥ मार्ग पावत लाभ हो, कहत सतय रविदास॥**

हे जीव! तुम अपने भीतर बैठे प्रभु का अपने मन में जाप करो, नाम की महिमा करने से सभी विकारों का नाश होता है। जो जीव गुरू के वचनों पर चलता है उसकी महिमा ब्यान नहीं की जा सकती। प्रेम को कागज पर अक्षरों से लिख कर व्यक्त नहीं किया जा सकता। समाधि में बैठकर मन में सतगुरू का ध्यान करना चाहिए। सतगुरों की संगति करने से मन वांछित फल की प्राप्ति होती है व पापों का नाश होता है। गुरू के बताऐ मार्ग पर चलकर सदैव सुख की प्राप्ति होती है। सतगुरू रविदास महाराज जी उच्चारण करते हैं कि प्रभु की प्राप्ति का मार्ग प्राप्त करके जीव को सदैव रहने वाला लाभ प्राप्त होता है।

21.

**जीभा कांती मन करो, सान चड़ावो तेज॥ सच खंड में जा मिले, सतगुर देवे भेज॥ धर्म साथ संबंध जो, कुल तारन की चाल॥ प्रात कमाई अपणी, पाए मुशक्कत घाल॥ मुक्ति दवारा पाव है, चिंतन नाम हमेश॥ गुर सेवक की रीति लख, सतगुर जान नरेश॥ जोन, जोन भरमत नहीं, मनन के संग साथ॥ जन रविदास पुकारते साहिब कीनी दात॥**

जीभ को कैंची बनाकर प्रभु का सिमरन करके, सारे बंधन काट कर, मन को प्रभु के साथ जोडने से जीव की शान व वर्चस्व बढता है। सतगुरू कृपा करके जीव को सचखंड में भेज देते हैं। जो जीव धर्म के कार्य करता है, वह अपने वंश के उद्धार की रीति पर चलता है और अपनी की हुई कमाई को सफल करता है। नाम का चिंतन करने से जीव को सदैव मुक्ति का द्वार प्राप्त होता है। गुरू के सेवक की यही रीति होती है कि वह अपने सतगुरू को सच्चा पातशाह समझता है। प्रभु का नाम मन में संभालने से जीव योनि-चक्र में नहीं भटकता। सतगुरू रविदास महाराज जी पुकार करते हुए उच्चारण करते हैं कि प्रभु साहिब मुक्ति का दान देने वाले दानी हैं।

22.

**वेराग विवेक ततीखशा, सम दम आदि ले खोज॥ मोमोखश बन सतसंग में, लेह परमातम मौज॥ तत तवं साधन भने, मुनिवर मति सुधीर॥ कथने मातर ना मिले, सोधन करो सरीर॥ मन इंद्रिय मलकर भरे, ततव मसी कहे आप॥ अंतशकरण भी शुद्ध नहीं, लागत सर्व ही पाप॥ पापी कर्म कमावना, सो सतसंग में नास॥ कलि के दोष सब दूर हो, कथन करे रविदास॥**

वैराग्य, सोचने समझने की शक्ति और प्रभु को मिलने की इच्छा से, अपने भीतर प्रभु की खोज करके, सत्संग में जाने से मुक्ति की प्राप्ति होती है और जीव प्रभु के मिलन का आनंद अनुभव करता है। मुनिवर अपनी मत को श्रेष्ठ दिशा में लगाकर, अपने भीतर की खोज करते हैं, केवल कथन करने से प्रभु की प्राप्ति नहीं होती, शरीर को नियंत्रित व शुद्ध करना चाहिए। मन व इंद्रियां वासना में ग्रस्त होने के कारण जीव स्वयं को उत्तम समझता है। जिस कारण जीव का अंत-कर्ण अशुद्ध होता है और उसे सभी पाप लगते हैं। सत्संग में जाने से जीव पाप करने से रूक जाता है। सतगुरू रविदास महाराज जी उच्चारण करते हैं कि प्रमात्मा का सिमरन करने से जीव के सभी प्रकार के दोष समाप्त हो जाते हैं।

23.

**आपणा बीज तूं आप ही, खावत है बहु बार॥ तेरा ही तुझे सौंपता, वह दाता करतार॥ जो गुर शरणी परत है, तिल भर भी बेअंत॥ शोभा पावे लोक में, कहित मुनी जन संत॥ नरकन के अधिकार को, शीघर मन दे त्याग॥ भजन करो भगवान का, मिले रविदास बेराग॥**

जीव अपने किये हुए कर्मों को बार बार भोगता है, अर्थात अपना बोया हुआ स्वयं ही खाता है। जीव द्वारा किये गए कर्मों का फल ही प्रमात्मा उसे देता है, परन्तु जो जीव गुरू की शरण गृहण करता है और अनंत प्रभु उस पर तनिक भर भी कृपा कर दें तो जीव संसार में प्रंशसा पाता है। यह मुनिजन और संतों का कथन है। हे जीव! तुम नर्क के ख्याल को शीघ्र ही मन में से त्याग दो। सतगुरू रविदास महाराज जी उच्चारण करते हैं कि जो जीव वैराग्य धारण कर सिमरन करता है, उसका प्रभु संग मिलन हो जाता है।

24.

**गुण आवे गुण उचारे, गुण में रहे समाए॥ गोविंद गुरू, गोपाल गुरू, करता पुरष बसाय॥ भगवान भजन में सुख सदा, हो है सुख ना काए॥ कर विश्वास मन आपणे, सतगुर चरनी धाऐ॥ सत सुन्दर अति, अगंम अपारा॥ खेल साहिब का, सभ से नियारा॥ निरमल आतम सवरूप, लखि सरीर होऐ पवीत॥ सच्च खंड में जा बसे, कहे रविदास तूं मीत॥**

जब जीव में प्रभु के गुण आते हैं, तो वह प्रभु महिमा उच्चारण करता है, फिर जीव प्रभु में समा जाता है। गोविंद ही गुरू है, गोपाल ही गुरू है। कर्त्ता पुरख पूरे संसार में समाया हुआ है। प्रभु का भजन करने से सदैव सुख का अनुभव होता है। अन्य किसी ओर भी सुख नहीं है। हे जीव! तुम अपने मन में दृढ विश्वास रखकर सतगुरू के चरणों में लग जाओ। प्रभु सब से सुंदर व गम से रहित अपार है। प्रभु का खेल सबसे न्यारा है। प्रभु निर्मल है, प्रभु के निर्मल आत्म स्वरूप का अनुभव करने से असंख्य जीव पुनीत हुए व सचखंड में गए हैं। सतगुरू रविदास महाराज जी उच्चारण करते हैं कि वे मेरे मित्र हैं जो प्रभु को सदैव प्रत्येक क्षण अपने भीतर बसाए रखते हैं।

**-संत सुरिन्दर दास बावा ( डेरा सच्चखण्ड बल्लां, जालन्धर )**

गुरु रविदास महाराज जी की जय। जय गुरुदेव-धन्न गुरुदेव। भगवान वाल्मीकि महाराज जी की जय॥





# जन-गणना में 'रविदासिया धर्म' लिखवाने की अपील

सत्कारयोग्य गुरु प्यारी साध संगत जी,

दुनिया के अलग-अलग धर्मों के लोग अपने-अपने धर्म के प्रचार के लिए हमेशा तत्पर रहते हैं और अपने धर्म का प्रचार करते हैं, पर समाजिक व्यवस्था ही इस तरह की बनी हुई है कि जगतगुरु रविदास जी को मानने वाले समाज ने हमेशा धर्म का काम आगे बढ़ कर किया, पर इस समाज को अधर्मी (जिनका कोई धर्म नहीं होता) ही माना गया व इनके दु:खों को किसी ने नहीं समझा। इस समाज की अनपढ़ता, अज्ञानता एवं दु:खों को ख़त्म करने के लिए एवं श्री गुरु रविदास जी के मिशन को पूरा करने का धुरा माने जाते डेरा 108 संत सरवण दास जी बल्लां के महांपुरुषों ने समय-समय पर समाज को जागरुक करने के लिए अपना बहुमुल्य योगदान डाला व गुरु जी के जन्म स्थान पर सात मंजिला मंदिर का निर्माण करके समाज का मस्तक ऊंचा किया तथा अनेकों स्थानों पर गुरु जी के नाम पर मंदिरों का निर्माण करके समाज को जागृत किया। गुरु जी के जन्म स्थान मंदिर को स्वर्ण जड़ित करने का संकल्प लिया। इस संकल्प से रविदास समाज विरोधी लोग, जो यह नहीं चाहते कि इस समाज को इनके महांपुरुषों का वास्तविक इतिहास मालूम हो, उन लोगों से यह सहन नहीं हुआ कि अधर्मी कहे जाने वाले यह लोग अपने पूर्वजों के धर्म को आगे लेकर जाएं। उन लोगों ने सतगुरु रविदास महाराज जी का प्रचार-प्रसार रोकने के लिए डेरा सचखंड बल्लां के महांपरुषों पर हमला करके संत निरंजन दास जी को घायल किया व संत रामानंद जी को शहीद कर दिया। आप सभी संगतों को पता ही है कि इन महांपुरुषों पर हुए हमले ने साबत कर दिया कि कोई भी समाज दूसरों की खातिर जितना भी खून बहा ले वह अपने धर्म के बिना हीन ही होता है। पर बलिहारी जाते हैं जगत् गुरु रविदास महाराज जी के सच्चे सपूतों पर, जिन्होंने सतगुरु रविदास महाराज जी के 633वें प्रकाश दिवस पर भारत के कोने-कोने से पहुंचे संत समाज एवं विश्व के कोने-कोने से पहुंचे गुरु रविदास महाराज जी के पैरोकारों की हाजरी में, कौम के मत्थे पर अधर्मी होने का कलंक उतार कर एक रविदासिया धर्म का नाम समाज को बख्शिश किया। इस धर्म रुपी ताज को हमेशा-हमेशा के लिये कौम के सिर पर सजा रखने के लिए गुरु जी को मानने वाले समाज का दायित्व बनता है कि वो भी अपने पूर्वजों के नाम को ऊंचा रखने के लिए अपना योगदान रविदासिया धर्म को प्रफुल्लित करने के लिए अवश्य दें व सन् 2011 मे हो रही जन-गणना में अपना धर्म रविदासिया लिखवा कर सतगुरु रविदास महाराज जी के वचन कि, प्राधीनता पाप है, जान लियो रे मीत...., पर अमल करके धार्मिक आजादी की बात को स्वीकार करें जी। ताकि रविदासिया धर्म विरोधी हमारी गिनती अपने में करवा कर किसी प्रकार का अनुचित लाभ न उठा लें और दुनिया को हमारी संख्या से अनभिज्ञ रहने देने में सफल न हों। रविदासिया धर्म का प्रचार व प्रसार पूरे विश्व में विशाल स्तर पर हो रहा है तथा अमृतवाणी सतगुरु रविदास महाराज जी का हज़ारों की संख्या में गुरु-घरों में प्रकाश हो चुका है।

**रविदासियो कहीं भूल न जाना, जन-गणना में रविदासिया धर्म लिखवाना, अगला मौका बारह साल बाद ही आना।**

## जारीकर्ता:

◦ श्री गुरु रविदास जन्म स्थान पब्लिक चैरीटेबल ट्रस्ट, वाराणसी यू.पी.।
◦ अखिल भारतीय रविदासिया धर्म संगठन (रजि.),भारत।
◦ सद्गुरु रविदास साधु संप्रदाय सोसायटी, हरियाणा।
◦ हिमाचल प्रदेश श्री गुरु रविदास महासभा।
◦ अखिल भारतीय सद्गुरु रविदास महासभा महाराष्ट्र।
◦ दलित यूथ फैडरेशन आफ इंडिया। ◦ श्री गुरु रविदास साहित संस्था पंजाब।
◦ श्री गुरु रविदास धर्म युद्ध मोर्चा पंजाब। श्री गुरु रविदास टाईगर फोर्स पंजाब। श्री गुरु रविदास फोर्स पंजाब।
◦श्री गुरु रविदास इंटरनैशनल आर्गेनाईजेशन फॉर ह्यूमन राईटस (रजि.) यू.के. ◦ श्री गुरु रविदास सुप्रीम कौंसिल (इटली)।
◦ श्री गुरु रविदास सुप्रीम कौंसिल (यू.के.)
◦ श्री गुरु रविदास जी सभा (रजि.) ग्रीस।
◦ संत सरवण दास वैल्फेयर सोसायटी युरोप।
◦ संत सरवण दास चैरिटेबल ट्रस्ट, (यू॰के॰)।
◦ संत सरवण दास चैरिटेबल ट्रस्ट, कैनेडा।
◦ संत सरवण दास चैरिटेबल ट्रस्ट, अमेरिका।
◦ अदारा बहुजन क्रांति मासिक पत्रिका।
◦ श्री गुरु रविदास वैल्फेयर सोसायटी इटली।

◦ श्री गुरु रविदास वैल्फेयर सोसाइटी, कुवैत। ◦ श्री गुरु रविदास सभा, यू॰एस॰ई॰। ◦ श्री गुरु रविदास सभा, हालैण्ड। ◦ श्री गुरु रविदास सभा, वियाना अस्ट्रिया। ◦ श्री गुरु रविदास भवन सोसायटी, स्पेन। ◦ श्री गुरु रविदास सभा, पुर्तगाल। ◦ रविदासिया कमिऊनिटी वैल्फेयर एसोसीएशन पैरिस, फ्रांस। ◦ श्री गुरु रविदास सभा, उनटारीयो (टरांटो)। ◦ श्री गुरु रविदास सभा, जरमनी। ◦ अखिल भारतीय रविदासिया धर्म संगठन, शाखा सागर (म.प्र.)। ◦ गुरु संत शिरोमणि श्री रविदास समिति छिंदवाड़ा (म. प्र.)। ◦ संत रविदास समाज उत्थान समिति सिवनी (म.प्र.)। ◦ गुरु रविदास समाज संगठन, रीवा (म. प्र.), अहिरवार समाज महापरिषद, जबलपुर (म.प्र.), ◦ संत रविदास समाज कल्याण परिषद, बालाघाट (म.प्र.), ◦ अहिरवार सांस्कृतिक कल्याण समिति,इंदौर (म.प्र.), ◦ जागड़ा महासभा, होशंगावाद (म.प्र.) जागड़ा, ◦ सुधार समिति मिस रोड भोपाल (म.प्र.), ◦ अहिरवार समाज सेवा समिति, इटारसी (म.प्र.) जागड़ा, ◦ महासभा शाहपुर बैतूल (म.प्र.), ◦ रविदास गुजराती एकता समिति, देवास (म.प्र.), ◦ अहिरवार समाज परिषद, हरदा (म.प्र.), ◦ रविदास सेवा संस्थान बरखेड़ा बी.एच.एन. भोपाल जिला रविदास सुधार कमेटी, छतरपुर (म.प्र.), ◦ गुरु रविदास मंदिर कमेटी, बांदकपुर जिला दमोह (म.प्र.), ◦ गुरु रविदास मंदिर कमेटी, हिंडोरिया जिला दमोह (म.प्र.), ◦ गुरु रविदास मंदिर समिति, नरसिंहपुर (म.प्र.), ◦ गुरु रविदास मंदिर समिति, खुरई, जिला सागर (म.प्र.), ◦ अहिरवार समाज महापरिषद् जिला शाखा डिंडौरी (म.प्र.)।

# ਭਗਵਾਨ ਵਾਲਮੀਕਿ ਮੰਦਿਰ ਕਾਲਾ ਬੱਕਰਾ ਵਿਖੇ ਪਾਵਨ ਗ੍ਰੰਥ ਦਾ ਪ੍ਰਕਾਸ਼

ਭਗਵਾਨ ਵਾਲਮੀਕਿ ਮੰਦਰ ਪਿੰਡ ਕਾਲਾ ਬੱਕਰਾ ਵਿਖੇ ਪਾਵਨ ਗਿਆਨ ਪ੍ਰਕਾਸ਼ ਗ੍ਰੰਥ ਦਾ ਪ੍ਰਕਾਸ਼ ਕੀਤਾ ਗਿਆ। ਮਿਤੀ 28-9-2011 ਨੂੰ ਪਿੰਡ ਕਾਲਾ ਬੱਕਰਾ ਵਿਖੇ ਭਗਵਾਨ ਵਾਲਮੀਕਿ ਨਾਮ-ਲੇਵਾ ਸੰਗਤ ਵਲੋਂ ਮਹਾਨ ਭਗਵਾਨ ਵਾਲਮੀਕਿ ਤੀਰਥ ਅਸਥਾਨ ਅੰਮ੍ਰਿਤਸਰ ਤੋਂ ਸੰਤ ਪੂਰਨ ਨਾਥ ਜੀ ਦੇ ਅਸ਼ੀਰਵਾਦ ਨਾਲ ਪਾਵਨ ਗ੍ਰੰਥ ਨੂੰ ਸ਼ੋਭਾ ਯਾਤਰਾ ਦੇ ਰੂਪ ਵਿਚ ਪਿੰਡ ਕਾਲਾ ਬੱਕਰਾ ਦੇ ਭਗਵਾਨ ਵਾਲਮੀਕਿ ਮੰਦਿਰ ਵਿਖੇ ਲੈ ਕੇ ਆਏ ਅਤੇ ਪੂਰਨ ਮਰਿਆਦਾ ਅਨੁਸਾਰ ਪ੍ਰਕਾਸ਼ ਕੀਤਾ ਗਿਆ।

# ਮਾਨਤੋਵਾ ਵਿਖੇ ਭਗਵਾਨ ਵਾਲਮੀਕਿ ਜੀ ਮਹਾਰਾਜ ਦਾ ਪ੍ਰਗਟ ਦਿਵਸ ਮਨਾਇਆ

ਰੋਮ (ਗੁਰੂ), 16 ਅਕਤੂਬਰ 2011 ਦਿਨ ਐਤਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਮਾਨਤੋਵਾ ਵਿਖੇ ਭਾਰਤੀਏ ਵਾਲਮੀਕਿ ਸਮਾਜ ਧਰਮ ਸਭਾ ਬਰੋਨਾ-ਰਿਜੋਮੀਲੀਆ ਨੇ ਸ਼੍ਰੀ ਗੁਰੂ ਰਵਿਦਾਸ ਸਭਾ ਮਾਨਤੋਵਾ-ਰਿਜੋਮੀਲੀਆ ਦੇ ਸਹਿਯੋਗ ਨਾਲ ਭਗਵਾਨ ਵਾਲਮੀਕਿ ਮਹਾਰਾਜ ਜੀ ਦਾ ਪ੍ਰਗਟ ਦਿਵਸ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ ਸਵੇਰ ਤੋਂ 'ਅੰਮਿਤਬਾਣੀ' ਸਤਿਗੁਰ ਰਵਿਦਾਸ ਜੀ ਦੇ ਜਾਪ ਕੀਤੇ ਗਏ। ਅੰਮ੍ਰਿਤਬਾਣੀ ਦੇ ਜਾਪਾਂ ਤੋਂ ਬਾਅਦ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਗੁਰੂ ਘਰ ਦੇ ਕੀਰਤਨੀ ਜਥੇ ਵਲੋਂ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਜੀਵਨ ਸੰਘਰਸ਼ 'ਤੇ ਧਾਰਮਿਕ ਗੀਤ ਪੇਸ਼ ਕੀਤੇ ਗਏ— 'ਸਾਨੂੰ ਚਾੜ ਦਿਓ ਨਾਮ ਵਾਲੀ ਲੋਰ, ਧੰਨ ਗੁਰੂ ਵਾਲਮੀਕਿ ਜੀ' ਅਤੇ ਜਿੰਨਾ ਚਿਰ ਧਰਤੀ, ਚੰਦ, ਸੂਰਜ ਤਾਰੇ ਨਦੀਆਂ ਵੱਗਣਗੀਆਂ, ਧੰਨ ਵਾਲਮੀਕਿ ਨੂੰ ਸੰਹੌਦੀਆਂ ਰਹਿਣਗੀਆਂ" ਅਤੇ ਅੰਮ੍ਰਿਤਬਾਣੀ ਵਿਚੋਂ 'ਬੇਗਮਪੁਰਾ ਸਹਰ ਕੋ ਨਾਉ" ਸੰਗਤਾਂ ਨੂੰ ਸਰਵਣ ਕਰਵਾਇਆ। ਸ਼੍ਰੀ ਗੁਰੂ ਰਵਿਦਾਸ ਟੈਂਪਲ ਮਾਨਤੋਵਾ ਦੇ ਪ੍ਰਧਾਨ ਸ਼੍ਰੀ ਪ੍ਰਸ਼ੋਤਮ ਲਾਲ ਢੰਡਾ ਜੀ ਨੇ ਦੋਵੇਂ ਭਾਈਚਾਰਿਆਂ ਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੀਆਂ ਵਧਾਈਆਂ ਦਿੰਦੇ ਹੋਇਆਂ ਆਖਿਆ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਆਪਣੇ ਸਮਾਜ ਦੀ ਤਰੱਕੀ ਲਈ ਅੱਗੇ ਆਉਣਾ ਚਾਹੀਦਾ ਹੈ। ਜਿਹੜੇ ਸਾਡੇ ਸਾਥੀ ਆਪਣੇ ਸਮਾਜ ਲਈ ਕੰਮ ਕਰ ਰਹੇ ਹੈ ਉਨ੍ਹਾਂ ਦਾ ਸਾਥ ਦੇਈਏ ਨਾ ਕਿ ਟੋਕਾ-ਟੋਕੀ ਕਰੀਏ। ਭਗਵਾਨ ਵਾਲਮੀਕਿ ਜੀ ਦੇ ਮਿਸ਼ਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮਜ਼ਬੂਤ ਕਰਨ ਲਈ ਅਸੀਂ 'ਅੰਮ੍ਰਿਤਬਾਣੀ' ਅਤੇ 'ਹਰਿ' ਦੇ ਨਿਸ਼ਾਨ ਹੇਠਾਂ ਇਕੱਠੇ ਹੋ ਕੇ ਦੋਵਾਂ ਭਾਈਚਾਰਿਆਂ ਦੇ ਹੱਥ ਮਜ਼ਬੂਤ ਕਰੀਏ। ਭਾਰਤੀਏ ਵਾਲਮੀਕਿ ਸਮਾਜ ਧਰਮ ਬਰੋਨਾ ਦੇ ਪ੍ਰਧਾਨ ਸ਼੍ਰੀ ਰਾਮ ਮੂਰਤੀ ਜੀ ਨੇ ਸਮੁੱਚੀ ਮਾਨਵਤਾ ਨੂੰ ਵਧਾਈ ਦਿੰਦੇ ਹੋਏ ਭਗਵਾਨ ਵਾਲਮੀਕਿ ਜੀ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਆਖਿਆ ਕਿ ਧਰਤੀ ਬਣਨ ਤੋਂ ਪਹਿਲਾਂ ਹਰ ਪਾਸੇ ਪਾਣੀ ਹੀ ਪਾਣੀ ਸੀ ਤੇ ਉਸ ਪਾਣੀ ਦੇ ਵਿਚ ਇਕ ਕਮਲ ਦਾ ਫੁੱਲ ਖਿੜਿਆ, ਜਿਸ ਵਿਚ ਉਸ ਅਕਾਲ ਪੁਰਖ ਨੇ ਵਾਲਮੀਕਿ ਜੀ ਦਾ ਅਵਤਾਰ ਧਾਰਿਆ ਅਤੇ ਫਿਰ ਧਰਤੀ ਬਣੀ ਚੰਦ, ਤਾਰੇ, ਸੂਰਜ, ਪਹਾੜ, ਨਦੀਆਂ ਬਣੀਆਂ, ਇਸ ਸ੍ਰਿਸ਼ਟੀ ਦੀ ਰਚਨਾ ਕੀਤੀ। ਉਹਨਾਂ ਨੇ ਇਹਨਾਂ ਗੱਲਾਂ ਨਾਲ ਹੋਰ ਵੀ ਬਹੁਤ ਸਾਰੇ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ। ਪ੍ਰਸਿੱਧ ਗਾਇਕ ਬੱਬੂ ਜਲੰਧਰੀ, ਰੇਸ਼ਮ ਲਾਲ ਜੀ ਨੇ ਭਗਵਾਨ ਵਾਲਮੀਕਿ ਜੀ ਦੇ ਜੀਵਨ 'ਤੇ ਧਾਰਮਿਕ ਗੀਤ ਸੰਗਤਾਂ ਨੂੰ ਸਰਵਣ ਕਰਵਾਏ। ਸ਼੍ਰੀ ਗੁਰੂ ਰਵਿਦਾਸ ਸੁਪਰੀਮ ਕੌਂਸਲ ਇਟਲੀ ਦੇ ਸੈਕਟਰੀ ਸ਼੍ਰੀ ਅਵਤਾਰ ਸਿੰਘ ਤਾਗੀ ਨੇ ਸੰਗਤਾਂ ਨੂੰ ਵਧਾਈਆਂ ਦਿੰਦੇ ਹੋਇਆਂ ਸੰਗਤਾਂ ਅਤੇ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਨੂੰ ਕਾਂਸ਼ੀ ਟੀ.ਵੀ. ਬਾਰੇ ਵੀ ਦੱਸਿਆ ਅਤੇ ਕਾਂਸ਼ੀ ਟੀ.ਵੀ. ਦੀ ਮੈਂਬਰਸ਼ਿਪ ਦੇਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਇਟਲੀ ਦੇ ਮਿਸ਼ਨਰੀ ਗਾਇਕ ਸ਼੍ਰੀ ਗੋਲਾ ਜੀ ਨੇ ਭਗਵਾਨ ਵਾਲਮੀਕਿ ਜੀ ਦੇ ਮਿਸ਼ਨ 'ਤੇ 4-5 ਧਾਰਮਿਕ ਗੀਤ ਸੰਗਤਾਂ ਨੂੰ ਸਰਵਣ ਕਰਵਾਏ, ਜਿਨ੍ਹਾਂ ਤੋਂ ਸੰਗਤਾਂ ਨੇ ਭਗਵਾਨ ਵਾਲਮੀਕਿ ਜੀ ਦੇ ਮਿਸ਼ਨ ਬਾਰੇ ਬਹੁਤ ਕੁਝ ਜਾਣਿਆ। ਸੰਤ ਸਰਵਣ ਦਾਸ ਵੈਲਫੇਅਰ ਸੁਸਾਇਟੀ ਯੂਰਪ ਦੇ ਪ੍ਰਧਾਨ ਸ਼ਿੰਦਾ ਕੌਲਧਾਰ ਜੀ ਨੇ ਵਧਾਈਆਂ ਦੇ ਨਾਲ-ਨਾਲ ਬਹੁਤ ਵੱਡਮੁੱਲੇ ਅਤੇ ਕ੍ਰਾਂਤੀਕਾਰੀ ਸ਼ਬਦਾਂ ਨਾਲ ਸੰਗਤ ਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ 'ਤੇ ਕੰਮ ਕਰਨ ਲਈ ਆਖਿਆ ਅਤੇ ਕੌਮ ਲਈ ਕੰਮ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਜਿਹੜੇ ਲੋਕ ਮਿਸ਼ਨ ਦਾ ਰੋੜਾ ਬਣਦੇ ਹਨ ਜਾਂ ਫੋਨ ਕਰ-ਕਰ ਕੇ ਮਿਸ਼ਨ 'ਤੇ ਕੰਮ ਕਰਨ ਵਾਲਿਆਂ ਪ੍ਰਤੀ ਸੰਗਤਾਂ ਨੂੰ ਭੜਕਾਉਂਦੇ ਹਨ ਉਹਨਾਂ ਲੋਕਾਂ ਤੋਂ ਸੰਗਤਾਂ ਨੂੰ ਸੁਚੇਤ ਰਹਿਣ ਲਈ ਬੇਨਤੀ ਕੀਤੀ ਤੇ ਫਿਰ ਸ਼ਸ਼ੀ ਕਪੂਰ ਜੀ ਨੇ ਵਧਾਈਆਂ ਦਿੰਦੇ ਹੋਇਆਂ ਸੰਗਤਾਂ ਨੂੰ ਏਕਤਾ ਨਾਲ ਰਹਿਣ ਲਈ ਆਖਿਆ। ਆਰਤੀ ਸਰਵਣ ਕਰਨ ਤੋਂ ਬਾਅਦ ਅਤੁੱਟ ਲੰਗਰ ਵਰਤਾਇਆ ਗਿਆ।



ਜੈ ਸਤਿਗੁਰੂ ਰਵਿਦਾਸ ਕਹੋ, ਸਦਾ ਸੁਖੀ ਰਹੋ।



# ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਸ਼ਰਧਾਲੂ ਪਰਿਵਾਰਾਂ ਵਲੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ।

ਪਹਿਲੇ ਜਾਪ ਸ਼੍ਰੀ ਸਰਵਣ ਦਾਸ ਮਹੇ ਅਤੇ ਬੀਬੀ ਸ਼ਾਂਤੀ ਦੇਵੀ ਬੂਟਾ ਮੰਡੀ ਵਾਲਿਆਂ ਵਲੋਂ ਪੋਤਰੇ ਸੁਮਿਤ ਮਹੇ ਪੁੱਤਰ ਸ਼੍ਰੀ ਸੁਨੀਲ ਮਹੇ, ਹੈਡਨ ਮਹੇ ਪੁੱਤਰ ਸ਼੍ਰੀ ਹਰੀਸ਼ ਮਹੇ ਯੂ.ਕੇ. ਅਤੇ ਵਿਸ਼ਾਲ ਮਹੇ ਪੁੱਤਰ ਸ਼੍ਰੀ ਅਰੁਨ ਮਹੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਕਰਵਾਏ ਗਏ। ਇਨ੍ਹਾਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਚਾਚੂ ਕਪਲ ਮਹੇ ਨਿਊਜ਼ੀਲੈਂਡ ਵਲੋਂ ਵੀ ਸ਼ੁਭ ਕਾਮਨਾਵਾਂ ਭੇਜੀਆ।

ਦੂਸਰੇ ਜਾਪ ਬ੍ਰਹਮਲੀਨ ਸਤਿਗੁਰ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੀ ਯਾਦ ਵਿਚ ਸ਼੍ਰੀ ਪ੍ਰੀਤਮ ਚੰਦ ਵਿਰਦੀ ਸਵਰਗਵਾਸੀ ਬੀਬੀ ਜੁਗਿੰਦਰ ਕੌਰ ਅਤੇ ਉਨ੍ਹਾਂ ਦੇ ਸਪੁੱਤਰ ਸ਼੍ਰੀ ਅਮਰੀਕ ਵਿਰਦੀ ਬੀਬੀ ਵਿਰਦੀ ਡਾ. ਕੁਲਦੀਪ ਅਤੇ ਸਭ ਪਰਿਵਾਰ ਵਲੋਂ ਕਰਵਾਏ ਗਏ।

ਤੀਜੇ ਜਾਪ ਸ਼੍ਰੀ ਰਤਨ ਚੰਦ ਅਤੇ ਬੀਬੀ ਚਰਨੋ ਜੀ ਅਤੇ ਸਾਰੇ ਪਰਿਵਾਰ ਲੁਧਿਆਣਾ ਵਾਲਿਆਂ ਵਲੋਂ ਪਰਿਵਾਰ ਦੀ ਸੁੱਖਸ਼ਾਂਤੀ ਵਾਸਤੇ ਕਰਵਾਏ ਗਏ।

ਡੇਰਾ ਸੱਚਖੰਡ ਬੱਲਾਂ ਦੇ ਪਾਵਨ ਦਰਬਾਰ ਸ਼੍ਰੀ ਗੁਰੂ ਰਵਿਦਾਸ ਸਤਿਸੰਗ ਹਾਲ ਵਿਚ ਸ਼ਰਧਾਲੂ ਪਰਿਵਾਰਾਂ ਵਲੋਂ ਪਰਮ ਪੂਜਿਐ ਸਤਿਕਾਰਯੋਗ ਸਤਿਗੁਰੂ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਜਾਪ ਹੋਏ। ਇਸ ਸੁਭਾਗੇ ਸਮੇਂ 'ਤੇ ਸਤਿਕਾਰਯੋਗ ਸੁਆਮੀ ਨਿਰੰਜਣ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਹੁਰਾਂ ਨੇ ਅੰਮ੍ਰਿਤਮਈ ਰਸਨਾ ਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦਾਂ ਰਾਹੀਂ ਸ਼ਰਧਾਲੂ ਸੰਗਤਾਂ ਨੂੰ 1 ਘੰਟਾ ਸਤਿਸੰਗ ਸਰਵਣ ਕਰਵਾਇਆ। ਸੰਗਤਾਂ ਪਰਮੇਸ਼ਰ ਦੀ ਮਹਿਮਾ ਸਰਵਣ ਕਰਕੇ ਭਰਪੂਰ ਨਿਹਾਲ ਹੋਈਆਂ ਅਤੇ ਜੀਵਨ ਨੂੰ ਸਫਲਾ ਬਣਾਉਣ ਵਾਸਤੇ ਅਰਦਾਸ ਹੋਈ।

# रविदासियों का संसार में अस्तित्व अलग

रविदासियों का संसार में है अस्तित्व अलग।
रविदासियों की संसार में है शान अलग।

सतगुरू रविदास जी की है कौम पर कृपा।
रविदासिये संसार में हैं जिनकी कृपा से।
रविदासिया धर्म का संसार में है अस्तित्व अलग।
रविदासियों का संसार में है अस्तित्व अलग।

'हरि' के निशान विश्व में झूलने लगे।
जय गुरूदेव के नारे संसार में गूंजने लगे।
सीर गोर्वधनपुर की संसार में है महिमा अलग।
रविदासियों का संसार में है अस्तित्व अलग।

अमृतवाणी के विश्व के कोने-कोने में प्रकाश हो रहे हैं।
रविदासियों के चारों ओर सम्मान हो रहे हैं।
सतगुरू रविदास जी के चंद्रमा में से दर्शनों की बात है अलग।
रविदासियों का संसार में है अस्तित्व अलग।

सतगुरू सरवण दास जी ने की धन्य कमाई।
संसार में सत्य की ज्योति जगाई।
डेरा सचखंड बल्लां की शान है अलग।
रविदासियों का संसार में है अस्तित्व अलग।

-संत सुरिन्द्र दास बावा,
डेरा सचखंड बल्लां

# ਡੇਰਾ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਜਲੰਧਰ ਵਿਖੇ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਸੰਪਟ ਜਾਪ ਕਰਵਾਏ ਗਏ

*(ਸਫਾ 1 ਦੀ ਬਾਕੀ)*

ਵਿਸ਼ਵ ਦੀ ਸ਼ਾਂਤੀ ਲਈ ਤੰਦਰੁਸਤੀ ਲਈ ਸੰਪਟ ਜਾਪ ਕਰਾਕੇ ਖੁਸ਼ੀਆਂ ਵੰਡ ਰਹੇ ਹਨ। ਸਾਨੂੰ ਮਹਾਂਪੁਰਸ਼ਾਂ ਦੇ ਪਰਉਪਕਾਰਾਂ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ। ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਵੱਡਮੁੱਲੇ ਪ੍ਰਵਚਨ ਸੰਗਤਾਂ ਨੂੰ ਸਰਵਣ ਕਰਵਾਏ। ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ। ਉਹਨਾਂ ਕਿਹਾ ਕਿ ਹਰ ਸਾਲ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਵਲੋਂ ਵਿਸ਼ਵ ਦੀ ਸੁਖਸ਼ਾਂਤੀ ਲਈ ਅਤੇ ਸਰਬੱਤ ਦੇ ਭਲੇ ਲਈ ਸੰਪਟ ਜਾਪ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਾਨਵਤਾ ਨੂੰ ਏਕਤਾ ਸਮਾਨਤਾ ਤੇ ਭਾਈਚਾਰੇ ਦਾ ਸਾਂਝਾ ਪਾਵਨ ਉਪਦੇਸ਼ ਬਖਸ਼ਿਸ਼ ਕੀਤਾ ਹੈ ਅਤੇ ਬੇਗਮਪੁਰਾ ਸ਼ਹਿਰ ਵਸਾਉਣ ਦਾ ਸੰਕਲਪ ਲਿਆ ਸੀ। ਅੱਜ ਸਤਿਗੁਰ ਜੀ ਦੀ ਕ੍ਰਿਪਾ ਸਦਕਾ ਅਸੀਂ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਹੇ ਹਾਂ। ਅਸੀਂ ਆਪਣੇ ਰਹਿਬਰਾਂ ਦੀਆਂ ਕੁਰਬਾਨੀਆਂ ਦਾ ਕਰਜ਼ ਕਦੇ ਵੀ ਨਹੀਂ ਉਤਾਰ ਸਕਦੇ। ਉਹਨਾਂ ਕਿਹਾ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਵਿਚ ਫੁਰਮਾਇਆ ਹੈ–'ਰਵਿਦਾਸ ਜਿਹ ਗ੍ਰੰਥ ਹੈ ਪੜੈ ਸੁਨੈ ਮਨ ਲਾਇ, ਸਭ ਹੀ ਪਦਾਰਥ ਮਿਲੇਂਗੇ, ਇਸ ਸੇ ਸਭ ਵਰ ਪਾਇ।' ਸਤਿਗੁਰ ਜੀ ਨੇ ਸਾਨੂੰ ਪਾਵਨ ਸੰਦੇਸ਼ ਬਖਸ਼ਿਸ਼ ਕੀਤਾ ਹੈ, ਜੋ ਵੀ ਅੰਮ੍ਰਿਤਬਾਣੀ ਨੂੰ ਸੱਚੇ ਮਨ ਨਾਲ ਸੱਚੀ ਸ਼ਰਧਾ ਨਾਲ ਪੜ੍ਹਦੇ ਨੇ ਉਹਨਾਂ ਨੂੰ ਸਾਰੇ ਹੀ ਪਦਾਰਥ ਪ੍ਰਾਪਤ ਹੋ ਜਾਂਦੇ ਨੇ। ਉਹਨਾਂ ਕਿਹਾ ਅੱਜ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਨਾਮ ਉਤੇ ਸਾਡਾ ਆਪਣਾ ਰਵਿਦਾਸੀਆ ਧਰਮ ਬਣਿਆ ਹੈ। ਸਮੁੱਚੀ ਕੌਮ ਲਈ ਮਾਣ ਵਾਲੀ ਗੱਲ ਹੈ। ਉਹਨਾਂ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਬਾਰੇ ਕਿਹਾ ਕਿ ਅੱਜ ਸਾਡਾ ਸਮਾਜ ਇਕ ਪਲੇਟ ਫਾਰਮ 'ਤੇ ਇਕੱਠਾ ਹੈ ਤਾਂ ਇਹਨਾਂ ਦੀ ਕੁਰਬਾਨੀ ਦੀ ਬਦੌਲਤ ਹੈ। ਸਮੁੱਚੀ ਕੌਮ ਅੰਦਰ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਅਤੇ ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਵਿਜੈ ਕੁਮਾਰ ਜੀ ਨੇ ਅਣਖ ਦਾ ਬੀਜ ਬੀਜਿਆ ਹੈ। ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਰਵਿਦਾਸੀਏ ਹਾਂ ਉਹਨਾਂ ਕਿਹਾ ਸਾਨੂੰ ਆਪਣੇ ਰਹਿਬਰਾਂ ਦੇ ਸੁਪਨਿਆਂ ਨੂੰ ਹਮੇਸ਼ਾਂ ਹੀ ਸਾਕਾਰ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਸੰਤ ਸੁਖਵਿੰਦਰ ਦਾਸ ਜੀ ਢੱਡੇ, ਸੰਤ ਰਾਮ ਗਿਰੀ ਜੀ ਰਾਜਪੁਰ, ਸੰਤ ਪਤਰਮ ਦਾਸ ਜੀ ਨੇ ਸਮਾਗਮ ਵਿਚ ਹਾਜ਼ਰੀ ਭਰੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕੀਤਾ। ਦੇਸ਼-ਪ੍ਰਦੇਸ਼ਾਂ ਤੋਂ ਆਏ ਸੰਤ-ਮਹਾਂਪੁਰਸ਼ਾਂ ਦਾ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਵਲੋਂ ਵਸਤਰਾਂ ਅਤੇ ਮਾਇਆ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਪ੍ਰਧਾਨ ਗੁਰਦਿਆਲ ਸਿੰਘ ਜੀ ਨੇ ਬਾਖੂਬੀ ਨਿਭਾਈ।

ਜੈ ਗੁਰਦੇਵ ਜੀ —ਕੁਲਵੰਤ ਕਜਲਾ









## ਬੇਗਮਪੁਰਾ ਸ਼ਹਿਰ ਪਰਚੇ ਦੀ ਡਾਕ/ਸਾਲਾਨਾ ਚੰਦਾ ਅਤੇ ਸਹਿਯੋਗ ਭੇਜਣ ਸੰਬੰਧੀ ਜਾਣਕਾਰੀ

ਬੇਗਮਪੁਰਾ ਸ਼ਹਿਰ ਦੇ ਲੇਖਕਾਂ/ਪਾਠਕਾਂ ਅਤੇ ਸਹਿਯੋਗੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਰਚੇ ਵਿਚ ਛਪਣ ਵਾਲੀ ਸਮੱਗਰੀ/ ਸੁਝਾਓ/ਸਾਲਾਨਾ ਚੰਦਾ ਅਤੇ ਸਹਿਯੋਗ ਪਰਚਾ ਨੰਬਰ ਨਾਲ ਹੇਠ ਲਿਖੇ ਪਤੇ 'ਤੇ ਭੇਜ ਕੇ ਪਰਚੇ ਨੂੰ ਬੁਲੰਦੀਆਂ 'ਤੇ ਲਿਜਾਣ ਦੀ ਕਾਮਨਾ ਕਰਨ ਦੀ ਕਿਰਪਾਲਤਾ ਕਰੋ ਜੀ ਧੰਨਵਾਦ।

### ਚੰਦੇ ਦਾ ਵੇਰਵਾ

| *ਦੇਸ਼ ਵਿਚ* | *ਵਿਦੇਸ਼ ਵਿਚ* |
|---|---|
| ਸਾਲਾਨਾ 200/- ਰੁਪਏ | 35 ਪੌਂਡ |
| ਲਾਇਫ਼ ਮੈਂਬਰ 5,000/ ਰੁਪਏ | 500 ਪੌਂਡ |

—ਸੰਤ ਸੁਰਿੰਦਰ ਦਾਸ ਬਾਵਾ<br>
ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ<br>
ਸੱਚਖੰਡ ਬੱਲਾਂ ਪਿੰਡ ਤੇ ਡਾ. ਬੱਲਾਂ,<br>
ਜ਼ਿਲਾ ਜਲੰਧਰ

Sant Surinder Dass Bawa<br>
Dera Shri 108 Sant Sarwan Dass Ji<br>
Sachkhand Ballan,<br>
V.P.O. Ballan, Distt Jal. (Pb.)

**ਸੂਚਨਾ**-ਸਮੂਹ ਸਭਾ ਸੁਸਾਇਟੀਆਂ, ਲੇਖਕਾਂ ਅਤੇ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਡੇਰਾ ਸੱਚਖੰਡ ਬੱਲਾਂ ਨਾਲ ਸਬੰਧਿਤ ਕੋਈ ਵੀ ਕਿਸੇ ਤਰ੍ਹਾਂ ਦੀ ਛਪਣਵਾਲੀ ਸਮੱਗਰੀ ਜਿਵੇਂ ਇਸ਼ਤਿਹਾਰ, ਕਿਤਾਬਾਂ, ਡੇਰਾ ਸੱਚਖੰਡ ਬੱਲਾਂ ਦੇ ਕਿਸੇ ਵੀ ਮਹਾਂਪੁਰਸ਼ਾਂ ਦੇ ਸਰੂਪ ਵਾਲੇ ਕੈਲੰਡਰ,ਸੀ.ਡੀਜ਼, ਵੀ.ਸੀ.ਡੀਜ਼, ਡੇਰੇ ਪ੍ਰਤੀ ਕੋਈ ਵੀ ਲਿਖਤ ਜਾਂ ਕਿਸੇ ਵੀ ਵਿਅਕਤੀ ਜਾਂ ਸੰਗਠਨ ਨੂੰ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਨਾਮ ਉੱਤੇ ਟਰੱਸਟ ਜਾਂ ਕਮੇਟੀ ਬਣਾਉਣ ਦਾ ਬਿਨਾ ਆਗਿਆ ਅਧਿਕਾਰ ਨਹੀਂ ਹੈ ਜਾਂ ਕੋਈ ਹੋਰ ਸਮੱਗਰੀ ਡੇਰੇ ਦੀ ਆਗਿਆ ਤੋਂ ਬਿਨਾ ਨਾ ਛਾਪੀ ਜਾਵੇ। ਇਸੇ ਤਰ੍ਹਾਂ ਕੋਈ ਵੀ ਕਿਸੇ ਤਰ੍ਹਾਂ ਦੀ ਯਾਤਰਾ ਡੇਰੇ ਵਿਖੇ ਡੇਰੇ ਦੀ ਆਗਿਆ ਤੋਂ ਬਿਨਾ ਨਾ ਲਿਆਂਦੀ ਜਾਵੇ ਜੀ।

**सूचना**–अमृतवाणी सतगुरु रविदास महाराज जी का प्रोग्राम दूरदर्शन डी.डी. पंजाबी पर हर मंगलवार को रात 9–00 बजे से 9–30 बजे तक प्रसारित होता है। संगत इससे लाभ प्राप्त कर सकती हैं।

**ਸੂਚਨਾ**–ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰੋਗਰਾਮ ਵੀਨਸ ਟੀ.ਵੀ. 'ਤੇ ਭਾਰਤੀ ਸਮੇਂ ਮੁਤਾਬਿਕ ਰਾਤ 11-30 ਵਜੇ ਤੋਂ 12-30 ਵਜੇ ਤੱਕ ਸਤਿਗੁਰੂ ਰਵਿਦਾਸ ਇੰਟਰਨੈਸ਼ਨ ਮਿਸ਼ਨ ਵਲੋਂ ਪ੍ਰਸਾਰਤ ਕੀਤਾ ਜਾਂਦਾ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰ ਸਕਦੀਆਂ ਹਨ ।

# अमृतवाणी में अंकित गुरु रविदास वाणी के आधार पर गुरु रविदास जी की विचारधारा, एवं सिद्धांत की अभिव्यक्ति संदेश एवं उपदेश

गुरु रविदास जी मध्य युग में सामाजिक क्रान्ति के अग्रदूत थे। वे उस अंध-युग में गरीबों, असहाय एवं शक्तिहीन लोगों के हेतु प्रकाश-स्तम्भ का रूप धारण करके अवतरित हुए थे। वे युग अवतार थे क्योंकि उन्होंने उन लोगों में चेतना एवं सामाजिक समानता की पौध वगाई थी जिन्हों जाति प्रथा की सामाजिक व्यवस्था ने बीते युगों से ऐसा पद-दलित किया था कि वे लोग मानवीय धरातल पर खड़े होने की कल्पना करने के योग्य भी नहीं रहे थे। उस दीनहीन जन समूह को हीनभाव से बाहर निकालने के लिये रविदास जी का कथन है:-*नीच नीच कर मारहिं जानत नहीं नदान।*

*सभ का सिरजनहार है रविदास ऐके भगवान।। ( 125 )*

संसार के सभी प्राणियों का केवल एक भगवान ही सृजनशील है फिर व्यक्तियों में ऊंच-नीच कैसी ? गुरु रविदास जी फरमाते हैं कि क्योंकि सभी मनुष्य एक ही परमात्मा की रचना हैं इसलिए उनमें न कोई ऊँच व्यक्ति है और न ही कोई नीच मनुष्य है। आदमी अपने अपने कर्मो से ऊँचा या नीच होता है। इस प्रकार अपनी विमल वाणी को साधन बना कर गुरु रविदास जी ने युग-युगांतर से पद-दलित एवं दीनहीन अवस्था में पड़ी हुई जनता को धैर्य प्रदान किया था। ब्राह्मणवाद के अहंकार को चूर-चूर करने के लिये गुरु रविदास जी फरमाते हैं:- *रविदास ब्राह्मण मति पूजिये जउ होवै गुनहीन।*

*पूजिहि चरन चंडाल के जउ होवै गुनहीन।।* ( 121 )

गुरु रविदास जी को तथाकथित नीच जाति के अवतरित होने का कोई दुख, खेद या पछतावा नहीं है। बल्कि वे तो गर्व से अपनी वाणी में अपनी जाति का ऐलान करते हैं, ऐसा करके गुरु रविदास जी तथाकथित नीच जातियों में पैदा हुए व्यक्तियों को हीन भावना का परित्याग करने का संदेश देते हैं। उनके जीवन की महत्वपूर्ण गरिमा यही थी कि उन्होंने एक तथाकथित नीच जाति में जन्म लिया और वे स्वाभिमान से अपने चमारत्व को उद्घोषित करते हैं।

मध्यकालीन भारत में गुरु रविदास जी ने सब से पहले स्वतंत्रता का शंख नाद किया था। उन्होंने यह भी घोषणा की कि संसार में स्वाभिमान के साथ जीने को ही जीना कहते है। विश्व भर में जो व्यक्ति स्वाभिमान के साथ नहीं जी रहा, वह मृत्त व्यक्ति के तुल्य है। इसलिए गुरु जी ने स्वतंत्रता से जीवन निर्वाह करने की प्रेरणा देते हुए फरमाया था कि, 'पराधीनता पाप है'।

*पराधीनता पाप है जान लेहु रे मीत। ( पन्ना 173 )*

*रविदास दास पराधीन से कौन करै है प्रीत।। ( 193 )*

मानव की हर प्रकार की गुलामी का विरोध करते हुए गुरु रविदास जी ने मानवीय समता एवं समानता का उपदेश भी संसार को दिया है।

*छोट बढ़ों सभ सम बसैं, रविदास रहे प्रसन्न।। ( 174 )*

गुरु रविदास जी ने पूजा अचर्णा के बाहरी आडम्बरों का विरोध किया थी, उन्होंने तीर्थ स्थानों पर जा कर स्नान करके देवी देवताओं को बहुमूल्य भेंट अर्पित करके, पापों से मुक्त हो कर, पवित्र होने का प्रयत्न करने वालों को सतर्क करने हेतु फरमाया:-

*जे ओहु अठिसठि तीरथ न्हावै।। जे ओहु दुआदस सिला पुजावे।।*

*जे ओहु ग्रहन करै कुलखेति। अरपै नारि सीगार समेति।।*

( अमृतवाणी पन्ना 40 )

गुरु जी का फरमाना है कि अन्त:करण की पवित्रता के लिए न किसी व्यक्ति को अठसठ तीर्थों में जा कर स्नान करने की आवश्यकता है और न द्वादराशिला की पूजा करने की। यदि कोई व्यक्ति सूर्य या चन्द्र ग्रहण के समय कुरूक्षेत्र में स्नान-ध्यान करके अपनी आभूषणों से लदी श्रंगार युक्त पत्नी को भी किसी पात्र को दान में देता है तो भी उसे पुण्य अर्जित नहीं हो सकता। गुरु जी तो कहते हैं : रागु गुजरी में पन्ना 14

*अव तनु मनु अरपउ फूल चरावउ।। गुरु परसादि निरंजनु पावउ।।*

प्रभु के दर्शन तो सच्चा तन मन अर्पित करने से होते हैं। बाहरी आडम्बरों से भगवान से मिलाप नहीं हो सकता। इसलिए मनुष्य को साधक को चाहिए कि वह हरि के नाम का स्मरण करे क्योंकि ऋषि वेद व्यास ने सभी पुराणों तथा वेदों का सार एवं विस्तार बताने वाली पुस्तकों तथा चौंतीस अक्षरों की वर्णमाला में रची हुई तमाम रचनाओं पर सोच विचार करके यह परम सत्य प्रस्तुत किया है कि हरि के नाम के स्मरण की बराबरी और कोई पाठ नहीं करता। इस प्रकार गुरु रविदास जी ने सामाजिक कर्म-कांडों का खंडन करते हुए अपने शिष्यों एवं संसार को एक ही प्रभु के अस्तित्व में दृढ़ विश्वास का उपदेश दिया था।

*नाना खिआन पुरान बेद बिधि चउतीस अखर मांही।।*

*बिआस बिचारि कहिओ परमारथु राम नाम सरि नाही।।*

( अमृतवाणी शब्द 24 पन्ना 17 )

जिस परमात्मा का नाम मन ही मन में उच्चारण करने को कहते है उस ईश्वर के बारे यह भी बता देते है कि ईश्वर प्रभु एक ही है और वही परमात्मा सभी प्राणियों में आत्मा के रूप में निवास कर रहा है। वह ब्राह्मण है या शूद्र है प्रत्येक व्यक्ति में वही परमात्मा का अंश कार्यरत है :

*सरबे एकु अनेकै सुआमी सभ घट भोगवै सोई।।*

( अमृतवाणी पन्ना 15 )

तत्कालीन धार्मिक मठाधीशों पर गुरु रविदास के प्रहार सशक्त सिद्ध हुए, तभी उन मठाधीशों को गुरु रविदास की विशाल चिंतन शक्ति का बोध हुआ। इसी कारण उन्होंने गुरु रविदास जी के सत्संग में पहुंच कर भूमि से मस्तक रगड़ कर गुरु जी को प्रणाम किया था और उनके जाति पाति रहित, समता पर आधारित पवित्र मानवतावादी सिद्धांत को स्वीकार किया था। गुरु रविदास जी रागु मलार में फरमाते हैं :

*अब बिप्र परधान तिहि करहि डंडउत तेरे नाम सरणाई रविदास दासा।।*

इस प्रकार मध्ययुगीन भारत में गुरु रविदास जी सब से महत्वपूर्ण सामाजिक क्रांति लाए थे। उन्होंने तथाकथित निम्न जाति में जन्म लेकर यह सिद्ध कर दिया कि किसी भी जाति में जन्म लेने से कोई व्यक्ति ऊँचा या नीचा नहीं बनता, बल्कि उस की गरिमा की कसौटी तो उस के चिंतन, आचरण, दर्शन एवं कर्म पर निर्भर करती है :-

*श्रम कउ ईसर जानि कै जउ पूजहि दिन रैन।*

*रविदास तिन्हहि संसार मंह सदा मिलहि सुख चैना।।*

श्रम को ईश्वर मानने वाले गुरु रविदास ने संसार भर के मनुष्यों को श्रम की श्रेष्ठता बताई तथा श्रमिक को आदर, सम्मान एवं सत्कार प्रदान किया। गुरु रविदास की तुला में श्रम, कर्म एवं ज्ञान बराबर तुलने थे। तभी उन्होंने श्रमिक को अज्ञानता का त्याग करने, ज्ञान प्राप्त करने का आदेश दिया था :- *माधो ! अबिदिआ हित कीन।। बिबेक दीप मलीन।।*

गुरु रविदास जी ने सभी मनुष्यों को सभी प्रकार की अज्ञानता का त्याग करके, ज्ञान धारण करने एवं ज्ञान मार्ग पर चलने की प्रेरणा दी है। अक्षर ज्ञान हर प्रकार के ज्ञान का मूल-आधार है।

गुरु रविदास जी का जन सामान्य को यह भी एक महत्वपर्ण उपदेश था कि कर्म ही मनुष्य का धर्म है तथा सत्य एवं संतोष उस के जीवन के आधार हैं :- *सत्त संतोष गुरु सदाचार जीवन को आधार।।*

*रविदास भये नर देवते जिन तिआगो पंच बिकार।।*

( अमृतवाणी पन्ना 168 )

जैसे गुरु रविदास जी ने मानव मानवीय समानता पर बल दिया है वैसे ही श्रेष्ठ गुरु ने मानव एकता का भी संदेश दिया है। गुरु रविदास के समय उत्तरी भारत में इस्लामी शासन की स्थापना हो चुकी थी। हिन्दुओं को शक्तिशाली मुस्लिम शासक एवं समाज जबरदस्ती मुसलमान बना रहे थे। उस समय गुरु रविदास जी ने अपने प्रवचनों में कहा :-

*मुसलमान सों दोसती हिन्दुअन सों कर प्रीत।*

*रविदास जोति सभ राम की सभ है अपने मीत।।*

*रविदास हमारे राम जोई सोई हैं रहमान।।*

*काबा काशी जानीयहि दोउ एक समान।।*

*मसजिद सों कछु चिन नहीं, मंदिर सों नहीं पिआर।*

*दोउ मंह अल्लह राम नहीं कह रविदास चमार।।*

हिन्दु मुसलमानों को एक परमात्मा की ज्योति बताते हुए आपस में मिलजुल कर रहने का उपदेश देते हुए बहुत निर्भयता से यह सत्य बताते हैं कि न तो मंदिर में राम का निवास है और न ही मस्जिद में अल्लाह क़याम फरमाते हैं। वे सभी व्यक्ति के मन मंदिर में रहते हैं। हो सकता है कि गुरु रविदास जी के ऐसे विचार सुन कर ही उस समय का मुसलमान शासक उन से नाराज़ हो गया हो। परन्तु गुरु रविदास जी ने तो प्रत्येक मानव को अच्छा एवं श्रेष्ठ इन्सान बनने का सुंदर संदेश दिया है। हर एक व्यक्ति को द्वैत, ईर्ष्या की भावना का त्याग करके परम-मनुष्य का रूप धारण करने की प्रेरणा दी है। तभी तो अमृतवाणी गुणों का कोष है, खज़ाना है। एक ऐसी आध्यात्मिक चेतना है जिस को अंगीकार या मन में ग्रहण करने वाला प्रत्येक व्यक्ति गुरु रविदास जी का पावन पवित्र नाम का जाप करते हुए भवसागर से पार उतर जाएगा तथा गुरु रविदास जी के चरण-कमलों में निवास करेगा।

विश्व को कल्याणकारी उपदेश प्रदान करते हुए गुरु रविदास जी 151 वर्ष की आयु भोगने के पश्चात् आषाढ़ की संक्रांति 1528 ई० को ब्रह्मलीन हो गए थे।

*लेखक : सिरी राम अर्श*

ਕਹਾਣੀ-

# ਗਲੋਬ ਦਾ ਚਮਕਦਾ ਪਾਸਾ

ਰਵਿਦਾਸੀਆਂ ਦੇ ਘਰ ਅਗਲੇ ਦਿਨ ਮੁੰਡੇ ਦਾ ਵਿਆਹ ਸੀ।

ਇਟਲੀ ਤੋਂ ਸਾਰਾ ਪਰਿਵਾਰ ਮੁੰਡੇ ਦਾ ਵਿਆਹ ਕਰਨ ਆਇਆ ਹੋਇਆ ਸੀ।

ਡੀ.ਜੇ. ਦੀ ਉੱਚੀ ਆਵਾਜ਼ ਪਿੰਡ ਦੇ ਬਾਹਰਵਾਰ ਵੀ ਸੁਣਾਈ ਦੇ ਰਹੀ ਸੀ। ਨਾਨਕੇ, ਦਾਦਕੇ ਹੋਰ ਰਿਸ਼ਤੇਦਾਰ ਤੇ ਦੋਸਤ-ਮਿੱਤਰ ਡੀ.ਜੇ. ਦੀ ਆਵਾਜ਼ ਵਿਚ ਮਸਤ ਸਨ। ਦੀਨ-ਦੁਨੀਆਂ ਉਨ੍ਹਾਂ ਤੋਂ ਕੋਹਾਂ ਦੂਰ ਸੀ।

ਥੋੜ੍ਹੀ ਦੂਰੀ 'ਤੇ ਘਰ ਵਾਲਾ ਜ਼ੈਲਦਾਰ ਸਰਵਣ ਸਿੰਘ ਘਰ ਬੈਠਾ ਸਾਰਾ ਕੁਝ ਸੁਣ ਕੇ ਤਪ ਰਿਹਾ ਸੀ। ਅੰਦਰੋ-ਅੰਦਰ ਵਿਸ ਘੋਲ਼ ਕੇ ਮਨ ਦਾ ਭਾਂਡਾ ਭਰਦਾ ਜਾ ਰਿਹਾ ਸੀ।

'ਬਹੁਤ ਭੂਤਰ ਗਏ ਐ ਇਹ। ਆਪਣੀ ਔਕਾਤ ਭੁੱਲਦੇ ਜਾਂਦੇ ਐ। ਦੇਖ ਤਾਂ ਕਿੱਦਾਂ ਸਾਰਾ ਪਿੰਡ ਸਿਰ 'ਤੇ ਚੁੱਕਿਐ।'

'ਕੰਨ ਖਾ ਲਏ ਤਕਾਲਾਂ ਦੇ।' ਜ਼ੈਲਦਾਰਨੀ ਨੇ ਜ਼ੈਲਦਾਰ ਨੂੰ ਆਪਣੇ-ਆਪ ਨਾਲ ਗੱਲਾਂ ਕਰਦਿਆਂ ਵੇਖ ਸੁਣ ਲਿਆ ਸੀ।

'ਕੋਈ ਗੱਲ ਨ੍ਹੀ, ਮੈਂ ਹੁਣੇ ਮੱਕੂ ਠੱਪਦਾਂ ਏਨ੍ਹਾਂ ਦਾ, ਏਦਾਂ ਤਾਂ ਇਹ ਬੇਲਗਾਮ ਹੋ ਜਾਣਗੇ ਸਾਰੇ ਈ, ਹੁਣੇ ਸੰਘੀ ਨੱਪਣੀ ਚੰਗੀ।' ਜ਼ੈਲਦਾਰ ਨੇ ਆਪਣੀ ਛੜੀ ਨੂੰ ਹੱਥ ਪਾਇਆ ਜਿਹਨੂੰ ਉਹ ਖ਼ਾਸ ਮੌਕਿਆਂ 'ਤੇ ਟੌਹ੍ਰ ਦੇ ਚਿੰਨ੍ਹ ਵਜੋਂ ਸਵੀਕਾਰਦਾ ਸੀ।

'ਆਹੋ ਏਦਾਂ ਤਾਂ ਤੀਏ ਦਿਨ ਕੋਈ ਨਾ ਕੋਈ ਸਿਆਪਾ ਪਿਆ ਈ ਰਹਿਣੈ।' ਤੀਵੀਂ ਦੇ ਬੋਲਾਂ ਨੇ ਛੜੀ ਦਾ ਭਾਰ ਹੋਰ ਵੀ ਹੌਲ਼ਾ ਕਰ ਦਿੱਤਾ।

ਕਾਹਲ਼ੀ-ਕਾਹਲ਼ੀ ਤੁਰਦਾ ਸਰਬਣ ਸਿੰਘ ਉਸ ਘਰ ਵੱਲ ਤੁਰ ਪਿਆ ਜਿੱਥੇ ਮਜ੍ਹਬੀ-ਚਮਾਰਾਂ, ਵਾਲਮੀਕੀਆਂ ਦੇ ਮੁੰਡੇ' ਗੀਤ ਦੀਆਂ ਧੁੰਨਾਂ ਵੱਜ ਰਹੀਆਂ ਸਨ। ਦੋ ਕੁ ਜਣੇ ਹੋਰ ਉਹਦੇ ਮੰਤਵਸਾਂਝੀ ਰਾਹ ਵਿਚੋਂ ਉਹਦੇ ਨਾਲ ਰਲ ਤੁਰੇ। ਹਵਾ ਦੀਆਂ ਲਹਿਰਾਂ 'ਤੇ ਸਵਾਰ ਤੇਜ਼ ਵੇਰਾਂ ਦੀਆਂ ਉਕਤ ਉਨ੍ਹਾਂ ਧੁਨਾਂ ਤਿੰਨਾਂ ਦੇ ਕੰਨਾਂ ਦੇ ਪਰਦਿਆਂ ਨੂੰ ਹੁਣ ਹੋਰ ਤੇਜ਼ੀ ਨਾਲ ਥਰਰਾ ਰਹੀਆਂ ਸਨ।

ਪੂਰੀ ਕੋਠੀ ਰੌਸ਼ਨ ਸੀ। ਚਹਿਲ-ਪਹਿਲ ਪੱਖੋਂ ਵੀ ਕੋਈ ਕਮੀ ਨਹੀਂ ਸੀ। ਕੋਠੀ ਦੇ ਖੁੱਲ੍ਹੇ ਵਿਹੜੇ ਵਿਚ ਡੀ.ਜੇ. ਵੱਜ ਰਿਹਾ ਸੀ। ਦੇਖ ਕੇ ਜ਼ੈਲਦਾਰ ਦਾ ਹੌਸਲਾ ਕੁਝ ਖੁੰਢਾ ਹੋ ਗਿਆ।

'ਕੀ ਗੱਲ ਐ ਓਏ, ਕਿਉਂ ਸਾਰਾ ਪਿੰਡ ਸਿਰ 'ਤੇ ਚੁੱਕਿਐ ?' ਜ਼ੈਲਦਾਰ ਨੇ ਦੋ ਸਾਥੀਆਂ ਅਤੇ ਘਰੋਂ ਲੈ ਕੇ ਤੁਰੇ ਨਿਸ਼ਾਨੇ ਦੇ ਆਧਾਰ ਦੀ ਸ਼ਹਿ 'ਤੇ 'ਕੁਝ ਖੁੰਢਾ' ਹੋਇਆ ਹੌਸਲਾ ਤਿਖੇਰਾ ਕੀਤਾ।

'ਹਾਂ.....। ਤੈਨੂੰ ਕੀ ਤਕਲੀਫ਼ ਐ ਬਈ?' ਇਕ ਰਵਿਦਾਸੀਆ ਨੌਜੁਆਨ ਬੋਲਿਆ।

'ਟਿੰਡ ਫੌੜੀ ਚੁੱਕ ਦਿਆਂ ਨੂੰ ਮਿੰਟ ਨਾ ਲੱਗੂ, ਥੋਨੂੰ ਦੱਸਾਂ ਮੈਂ।' ਜ਼ੈਲਦਾਰ ਕੜਕਿਆ।

'ਤੂੰ ਪਹਿਲਾਂ ਟਿੰਡ ਫੌੜੀ ਈ ਚੁਕਾ ਲੈ। ਦੇਖਦੇ ਆਂ ਟਿੰਡ ਫੌੜੀ ਚੁੱਕ ਹੁੰਦੀ ਜਾਂ ਤੂੰ ਚੁੱਕਿਆ ਜਾਂਦਾ ਪਹਿਲੋਂ।' ਇਕ ਹੋਰ ਅੱਧਖੜ ਰਵਿਦਾਸੀਆ ਉੱਚੀ ਸੁਰ 'ਚ ਬੋਲਿਆ। ਲੱਤਾਂ-ਬਾਹਾਂ ਦੀ ਹਿਲਜੁੱਲ ਡੀ.ਜੇ. ਦੀਆਂ ਧੁਨਾਂ ਦੀ ਚਾਲ ਦੀ ਹਮਸਫਰੀ ਤੋਂ ਅੱਡ ਹੋ ਗਈ। ਸਰੀਰ ਗੁੱਸੇ ਦੇ ਵੇਗ ਦੇ ਸਾਥੀ ਬਣ ਗਏ।

'ਥੋਨੂੰ ਪਤਾ ਨ੍ਹੀਂ ਮੈਂ ਕੌਣ ਆਂ ਓਏ।' ਜ਼ੈਲਦਾਰ ਦਾ ਸੁਰਖ ਮੂੰਹ ਤਾਂਬੇ ਜਿਹੇ ਰੰਗ ਦਾ ਹੋ ਗਿਆ। 'ਆ ਜਾ ਪਹਿਲਾਂ ਤੈਨੂੰ ਈ ਦੇਖ ਲਈਏ।' ਦੋ-ਤਿੰਨ ਨੌਜੁਆਨ ਅੱਗੇ ਵਧ ਪਏ।

ਜ਼ੈਲਦਾਰ ਮਨ ਹੀ ਮਨ, ਕਿਸੇ ਦੇ ਵਿਚ ਪੈ ਕੇ ਦੋਹਾਂ ਧਿਰਾਂ ਨੂੰ ਅੱਡ-ਅੱਡ ਕਰ ਦੇਣ ਦੀ ਸੋਚਣ ਲੱਗਾ ਕਿ ਉਹਦੇ ਨਾਲ ਦੇ ਦੋਵੇਂ ਸਾਥੀ ਪਿੱਛੇ ਕਦਮ ਭਰਨ ਲੱਗੇ। ਮੋਹਤਬਰ ਰਵਿਦਾਸੀਆਂ ਨੇ ਨੌਜੁਆਨਾਂ ਨੂੰ ਫੜ ਕੇ ਪਿੱਛੇ ਧੱਕਣਾ ਸ਼ੁਰੂ ਕਰ ਦਿੱਤਾ ਕਿ ਖਿੱਚਾ-ਧੂਈ ਵਿਚ ਮੁੰਡਿਆਂ ਨੇ ਜ਼ੈਲਦਾਰ ਦੀ ਛੜੀ ਉਹਦੇ ਹੱਥੋਂ ਖੋਹ ਲਈ।

2

ਜ਼ੈਲਦਾਰ ਸਰਵਣ ਸਿੰਘ ਆਪਣੇ ਵਿਹੜੇ ਵਿਚ ਬਾਣ ਦੇ ਮੰਜੇ ਦੇ ਪਾਵੇ ਉੱਪਰ ਸਿਰ੍ਹਾਣਾ ਦੋਹਰਾ ਕਰਕੇ ਉਹਦੇ ਉਪਰ ਸਿਰ ਰੱਖ ਕੇ ਪਿਆ ਹੋਇਆ ਹੈ। ਉਹਦੀ ਦੇਹ ਅੰਦਰ ਉਹਦਾ ਗੁੱਸਾ ਤੇ ਸ਼ਰਮਿੰਦਗੀ ਰੱਸੀ ਦਾ ਰੂਪ ਧਾਰ ਕੇ ਉਹਦੀ ਜ਼ਿੰਦਗੀ ਦਾ ਮੰਥਨ ਕਰ ਰਹੀ ਸੀ।

'ਬੜੇ ਚਾਂਭਲ ਗਏ ਏਹ....। ਪਿਛਲਾ ਭੁੱਲ ਗਏ (ਡੂੰਘੇ ਚੇਤਿਆਂ ਦੀ ਪੌੜੀ ਉੱਤਰ ਜਾਂਦਾ ਹੈ) ਜਦੋਂ ਮੈਂ ਇਨ੍ਹਾਂ ਦੇ ਸੱਗੂ ਕੋਲੋਂ ਛੇ ਦਿਨ ਝੋਕਣ ਦੇ ਲਵਾਏ ਸੀ ਤੇ ਗੁੜ ਦੀ ਇਕ ਭੇਲੀ ਨਾ ਸੀ ਦਿੱਤੀ।

ਉਹਦੀ ਏਨੀ ਹਿੰਮਤ ਨਾ ਸੀ ਹੋਈ ਕਿ ਮੇਰੇ ਕਲੋਂ ਮਿਹਨਤ ਮੰਗ ਸਕੇ ਜਾਂ ਕਿਸੇ ਨੂੰ ਦੱਸ ਵੀ ਸਕੇ।'

'ਉਹ ਏਨ੍ਹਾਂ ਦਾ ਛੜਾ ਤਾਰੂ ਜਿਹਨੂੰ ਮੈਂ ਆਪਣੇ ਨਾਲ਼ ਸੀਰੀ ਰੱਖਿਆ ਸੀ। ਘਰ ਦੇ ਜੀਆਂ ਦਾ ਜੂਠਾ ਦੇਣਾ ਤੇ ਨਾਲ਼ੇ ਦੋ-ਚਾਰ ਚਪੇੜਾਂ ਆਨੇ-ਬਹਾਨੇ ਛੱਡ ਦੇਣੀਆਂ।'

'ਓਹ ਬੰਤੀ ਕਾ ਦੋਲਾ। ਇਕ ਵਾਰੀ ਟੱਟੀਆਂ-ਉਲਟੀਆਂ ਨਾਲ਼ ਮਰਨ ਵਾਲਾ ਸੀ ਤੇ ਕਹਿੰਦਾ ਮੈਂ ਕਮਾਦ ਗੁੱਡਣ ਨ੍ਹੀਂ ਜਾ ਸਕਦਾ ਸਰਦਾਰ ਜੀ। ਮੇਰੇ ਮਾੜਾ ਜਿਹਾ ਦਬਕਾ ਮਾਰਨ 'ਤੇ ਤੁਰ ਪਿਆ ਸੀ ਤੇ ਕਮਾਦ ਗੁੱਡਦਿਆਂ-2 ਖੇਤ ਵਿਚ ਈ ਗਸ਼ ਖਾ ਕੇ ਡਿੱਗ ਪਿਆ ਸੀ।.....ਸਾਰਾ ਕੁਝ ਭੁੱਲ ਗਏ। ਅੱਜ ਮੈਨੂੰ ਲਲਕਾਰਦੇ ਐ? ਦੇਖ ਲਊਂਗਾ 'ਕੱਲੇ-'ਕੱਲੇ ਨੂੰ।'

ਛੇਤੀ ਹੀ ਮਨ ਦਾ ਇਕ ਪਾਸਾ ਗਲੋਬ ਦੇ ਚਾਨਣੇ ਪਾਸੇ ਦੀ ਤਰ੍ਹਾਂ ਚਮਕ ਪਿਆ। 'ਪਰ ਹੁਣ ਇਨ੍ਹਾਂ ਨੂੰ ਕਾਹਦੀ ਮੁਥਾਜੀ? ਸਾਡੇ ਨਾਲੋਂ ਚੰਗੇ ਈ ਐ। ਸਾਰਾ ਪਰਿਵਾਰ ਇਟਲੀ ਪੱਕਾ। ਹੁਣ ਬੀਤੇ ਦਿਨ ਮੁੜ ਕੇ ਤਾਂ ਨ੍ਹੀਂ ਆਉਣ ਲੱਗੇ। ਬਾਹਰ ਜਾ ਕੇ ਕੋਠੀਆਂ ਬਣਾ ਲਈਆਂ, ਗੱਡੀਆਂ ਕੋਲ ਨੇ।'

'ਐਵੇਂ ਤਾਂ ਨ੍ਹੀਂ ਡੀ.ਸੀ ਅਤੇ ਜੱਜ ਬਣ ਗਏ, ਦੀਵਿਆਂ ਦੀ ਲੋਅ ਵਿਚ ਪੜ੍ਹੇ ਨੇ ਚਮਾਰ' ਗੀਤ ਵੱਜਦਾ ਹੁਣ ਦੂਜੇ ਪਿੰਡ ਵੀ ਪੁੱਜ ਰਿਹਾ ਸੀ। ਪਰ ਸਰਵਣ ਸਿੰਘ ਨੂੰ ਇਹ ਧੁਨਾਂ ਹੁਣ ਪਹਿਲਾਂ ਵਾਂਗ ਲੜ ਨਹੀਂ ਸਨ ਰਹੀਆਂ ਸਗੋਂ ਆਪਣੀ ਵੱਲ ਖਿੱਚ ਰਹੀਆਂ ਸਨ। ਹਵਾ ਰਾਹੀਂ ਆ ਰਹੀ ਇਕ ਅਦ੍ਰਿਸ਼ ਡੋਰ ਸਿੱਧੀ ਉਹਦੇ ਮਨ ਨੂੰ ਕੰਨੀਆਂ ਪਾ ਰਹੀ ਸੀ, ਉਹਦਾ ਵੀ ਦਿਲ ਕੀਤਾ ਕਿ ਉਹ ਨਾਚ ਵਿਚ ਸ਼ਾਮਲ ਹੋ ਜਾਵੇ।

ਦੂਜੇ ਪਲ ਉਹ ਰਵਿਦਾਸੀਆਂ ਦੇ ਘਰ ਡੀ.ਜੇ. ਦੀਆਂ ਧੁਨਾਂ ਵਿਚ ਮਸਤ, ਜਾਤੀ ਹੈਂਕੜ ਤੇ ਜ਼ੈਲਦਾਰੀ ਤੋਂ ਕੋਹਾਂ ਦੂਰ ਸੀ।

—ਬਲਵੀਰ ਚੰਦ, ਪਿੰਡ ਮੰਨਣ



## ਕਾਂਸ਼ੀ ਟੀ.ਵੀ. ਦੇ ਸਟੂਡੀਓ ਦੇ ਉਦਘਾਟਨ ਸਮੇਂ ਸਾਰਾ ਇਲਾਕਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰਿਆਂ ਨਾਲ ਗੂੰਜ ਉਠਿਆ

ਇੰਗਲੈਂਡ ਵਿਚ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਵਲੋਂ ਬੜੀ ਧੂਮ-ਧਾਮ ਅਤੇ ਸ਼ਾਨਦਾਰ ਢੰਗ ਨਾਲ ਕਾਂਸ਼ੀ ਟੀ.ਵੀ. ਸਟੂਡੀਓ ਦਾ ਉਦਘਾਟਨ ਕੀਤਾ ਗਿਆ। ਵੈਸਟ ਮਿੱਡਲੈਂਡਜ਼ ਵਿਖੇ ਸ਼ਾਨਦਾਰ ਉਦਘਾਟਨੀ ਸਮਾਗਮ ਵਿਚ ਦੁਨੀਆਂ ਭਰ ਤੋਂ ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ ਅਤੇ ਸੰਗਤਾਂ ਨੇ ਸ਼ਿਰਕਤ ਕੀਤੀ। ਸਮਾਗਮ ਵਿਚ ਸ਼੍ਰੀ ਮੈਕਫੈਂਡਨ ਮੈਂਬਰ ਪਾਰਲੀਮੈਂਟ (ਵੁਲਵਰਹੈਂਪਟਨ), ਸ਼੍ਰੀ ਖਾਲਿਦ ਮਹਿਮੂਦ ਮੈਂਬਰ ਪਾਰਲੀਮੈਂਟ (ਪੈਰੀਵਾਰ) ਇੰਡੀਅਨ ਜਨਰਲ ਕੌਂਸਲੇਟ (ਬਰਮਿੰਘਮ) ਵਲੋਂ ਵੀਜ਼ਾ ਅਧਿਕਾਰੀ ਸ਼੍ਰੀ ਆਰ.ਕੇ. ਸ਼ਰਮਾ, ਸੰਤ ਨਿਰੰਕਾਰੀ ਮੰਡਲ ਤੋਂ ਸ਼੍ਰੀ ਉਪਾਸਕ ਜੀ ਅਤੇ ਅਸਿਸਟੈਂਟ ਟੂ ਐਮ ਪੀ ਸ਼੍ਰੀ ਖੁਰਮ ਰਾਜਾ ਸਹਿਤ ਕਈ ਪ੍ਰਮੁੱਖ ਸਖਸ਼ੀਅਤਾਂ ਨੇ ਇਸ ਮੌਕੇ ਸਮੂਹ ਪ੍ਰਬੰਧਕਾਂ ਅਤੇ ਸ਼ਰਧਾਲੂਆਂ ਨੂੰ ਵਧਾਈਆਂ ਦਿੱਤੀਆਂ। ਸ਼੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਦੇ ਬੁਲਾਰੇ ਸ਼੍ਰੀ ਹਰਬੰਸ ਲਾਲ ਸ਼ੌਂਕੀ ਨੇ ਕਿਹਾ ਕਿ ਵਿਸ਼ਵ ਮੀਡੀਏ ਵਿਚ ਕਾਂਸ਼ੀ ਟੀ.ਵੀ. ਸਟੂਡੀਓ ਸ਼ੁਰੂ ਕਰਕੇ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਨੇ ਆਪਣੀ ਹੋਂਦ ਦਰਜ ਕਰਾਈ ਹੈ। ਸਟੂਡੀਓ ਦੀ ਸ਼ੁਰੂਆਤ ਨਿਸ਼ਾ ਜੀ ਦੇ ਕੀਰਤਨੀ ਜਥੇ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਦਾ ਗਾਇਨ ਕਰਕੇ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਟਰੱਸਟੀ ਸ਼੍ਰੀ ਹੰਸ ਰਾਜ ਬੰਗਾ ਜੀ, ਸ਼੍ਰੀ ਬਲਬੀਰ ਕਲੇਰ ਜੀ, ਸ਼੍ਰੀ ਰਾਜ ਬੰਗੜ, ਸ਼੍ਰੀ ਹਰਬੰਸ ਲਾਲ ਸ਼ੌਂਕੀ ਜੀ, ਸ਼੍ਰੀ ਹੰਸ ਰਾਜ ਜੱਖੂ, ਸ਼੍ਰੀਮਤੀ ਭੋਲੀ ਰੰਧਾਵਾ, ਸ਼੍ਰੀ ਦੇਸ ਰਾਜ ਮਹਿਮੀ ਸਮੇਤ ਇੰਗਲੈਂਡ ਅਤੇ ਯੂਰਪ ਵਿਚ ਸਥਿਤ ਸ਼੍ਰੀ ਗੁਰੂ ਰਵਿਦਾਸ ਮੰਦਿਰਾਂ ਦੇ ਪ੍ਰਬੰਧਕਾਂ ਅਤੇ ਸੇਵਾਦਾਰਾਂ ਨੇ ਆਪਣੀ ਡਿਊਟੀ ਨਿਭਾਈ। ਇਸ ਮੌਕੇ ਸੰਗਤਾਂ ਦਾ ਉਤਸ਼ਾਹ ਦੇਖਦਿਆਂ ਹੀ ਬਣਦਾ ਸੀ। ਆਪਣੇ ਟੀ.ਵੀ. ਚੈਨਲ ਦਾ ਸੁਪਨਾ ਪੂਰਾ ਹੁੰਦਾ ਦੇਖ ਕੇ ਕਈ ਸੰਗਤਾਂ ਦੇ ਖੁਸ਼ੀਆਂ ਨਾਲ ਅੱਖਾਂ ਵਿਚੋਂ ਹੰਝੂ ਛਲਕ ਰਹੇ ਸਨ। ਸੰਗਤ ਜੋਸ਼ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅਤੇ ਸੰਤ ਰਾਮਾ ਨੰਦ ਜੀ ਦੇ ਜੈਕਾਰੇ ਲਗਾ ਰਹੀਆਂ ਸਨ। ਸਮਾਗਮ ਦੌਰਾਨ ਪ੍ਰਮੁੱਖ ਸਖਸ਼ੀਅਤਾਂ ਸਹਿਯੋਗੀ ਸੱਜਣਾਂ, ਸਥਾਨਿਕ ਮੀਡੀਆ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਸੰਤ ਸੁਰਿੰਦਰ ਦਾਸ ਬਾਵਾ ਨੇ ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਮੁਹੱਲਾ ਸੁੰਦਰ ਨਗਰ,ਜਲੰਧਰ ਤੋਂ ਛਪਵਾ ਕੇ ਮੁੱਖ ਦਫ਼ਤਰ ਮੁਹੱਲਾ ਸੁੰਦਰ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।